Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 41 | Tuesday, March 01, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਟੈਂਕ ਭੇਦਣ ਵਾਲੇ ਹਥਿਆਰ ਤੇ ਅਤਿਆਧੁਨਿਕ ਅਸਲਾ ਯੂਕਰੇਨ ਭੇਜੇਗਾ ਕੈਨੇਡਾ



ਓਟਵਾ, 28 ਫਰਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ ਉਹ ਯੂਕਰੇਨ ਨੂੰ ਟੈਂਕ ਭੇਦਣ ਵਾਲੇ ਹਥਿਆਰਾਂ ਦੇ ਨਾਲ ਨਾਲ ਅਤਿਆਧੁਨਿਕ ਅਸਲਾ ਭੇਜਣਗੇ। ਰੂਸ ਵੱਲੋਂ ਕੀਤੇ ਗਏ ਹਮਲੇ ਦੇ ਮੱਦੇਨਜ਼ਰ ਯੂਕਰੇਨ ਦੀ ਹੋਰ ਮਦਦ ਕਰਨ ਦਾ ਫੈਡਰਲ ਮੰਤਰੀਆਂ ਵੱਲੋਂ ਤਹੱਈਆ ਵੀ ਪ੍ਰਗਟਾਇਆ ਗਿਆ।

ਇਨ੍ਹਾਂ ਹਥਿਆਰਾਂ ਦੀ ਡਲਿਵਰੀ ਨੂੰ ਜਲਦ ਤੋਂ ਜਲਦ ਸੰਭਵ ਬਣਾਉਣ ਲਈ ਕੈਨੇਡਾ 100 ਕਾਰਲ-ਗੁਸਤਾਫ ਐਂਟੀ ਟੈਂਕ ਵੈਪਨਜ਼ ਸਿਸਟਮ ਲਾਂਚਰਜ਼ ਤੇ 2,000 ਰਾਕੇਟ ਯੂਕਰੇਨੀਅਨ ਫੌਜ ਦੀ ਵਰਤੋਂ ਲਈ ਭੇਜੇਗਾ। ਫੈਡਰਲ ਸਰਕਾਰ ਵੱਲੋਂ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਉਨ੍ਹਾਂ ਦਾ ਕੈਨੇਡੀਅਨ ਸੈਨਿਕਾਂ ਨੂੰ ਯੂਕਰੇਨ ਭੇਜਣ ਦਾ ਕੋਈ ਇਰਾਦਾ ਨਹੀਂ ਹੈ। ਇਹ ਹਥਿਆਰ ਕੈਨੇਡੀਅਨ ਆਰਮਡ ਫੋਰਸਿਜ਼ ਦੀ ਇਨਵੈਂਟਰੀ ਵਿੱਚੋਂ ਭੇਜੇ ਜਾਣਗੇ ਤੇ ਇਹ ਪਹਿਲਾਂ ਭੇਜੇ ਗਏ ਘਾਤਕ ਤੇ ਗੈਰ ਘਾਤਕ ਹਥਿਆਰਾਂ ਦਾ ਹੀ ਹਿੱਸਾ ਹੋਣਗੇ। ਕੈਨੇਡਾ ਆਪਣੇ ਨਾਟੋ ਸਹਿਯੋਗੀਆਂ ਨਾਲ ਰਲ ਕੇ ਕੰਮ ਕਰ ਰਿਹਾ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਸਪਲਾਈ ਜਲਦ ਤੋਂ ਜਲਦ ਉੱਥੇ ਪਹੁੰਚ ਸਕੇ।

ਇੱਕ ਪ੍ਰੈੱਸ ਕਾਨਫਰੰਸ ਦੌਰਾਨ ਟਰੂਡੋ ਨੇ ਆਖਿਆ ਕਿ ਹੋਰਨਾਂ ਦੇਸ਼ਾਂ ਵੱਲੋਂ ਕੀਤੀ ਜਾ ਰਹੀ ਯੂਕਰੇਨ ਦੀ ਮਦਦ ਤੇ ਭੇਜੇ ਜਾ ਰਹੇ ਸਾਜ਼ੋ ਸਮਾਨ ਦੀ ਤਰਜ਼ ਉੱਤੇ ਹੀ ਸਾਡੇ ਵੱਲੋਂ ਇਹ ਸਮਾਨ ਭੇਜਿਆ ਜਾਵੇਗਾ। ਟਰੂਡੋ ਨੇ ਆਖਿਆ ਕਿ ਰੂਸੀ ਫੌਜ ਦਾ ਸਾਹਮਣਾ ਕਰਨ ਦੇ ਯੂਕਰੇਨ ਦੇ ਫੈਸਲੇ ਦਾ ਕੈਨੇਡਾ ਸਮਰਥਨ ਕਰਦਾ ਹੈ ਤੇ ਸਾਡੇ ਵੱਲੋਂ ਇਹ ਤਹੱਈਆ ਵੀ ਪ੍ਰਗਟਾਇਆ ਜਾਂਦਾ ਹੈ ਕਿ ਅਸੀਂ ਇਹ ਮਦਦ ਜਾਰੀ ਰੱਖਾਂਗੇ। ਇਹ ਸਪਸ਼ਟ ਹੋ ਚੁੱਕਿਆ ਹੈ ਕਿ ਰਾਸ਼ਟਰਪਤੀ ਪੁਤਿਨ ਨੇ ਬੱਜਰ ਗਲਤੀ ਕੀਤੀ ਹੈ ਤੇ ਸਾਡਾ ਸੁਨੇਹਾ ਸਾਫ ਹੈ ਕਿ ਇਹ ਗੈਰਲੋੜੀਂਦੀ ਜੰਗ ਬੰਦ ਹੋਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਇਸ ਜੰਗ ਲਈ ਜ਼ਿੰਮੇਵਾਰ ਲੋਕਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ।

ਇਸ ਦੌਰਾਨ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਸੋਮਵਾਰ ਨੂੰ ਆਖਿਆ ਕਿ ਵਲਾਦੀਮੀਰ ਪੁਤਿਨ ਆਪਣੇ ਆਜ਼ਾਦੀ ਪਸੰਦ ਗੁਆਂਢੀਆਂ ...ਬਾਕੀ ਪੰਨਾ 3 'ਤੇ

## ਅਮਨ ਲਈ ਕੋਸ਼ਿਸ਼ਾਂ ਤੇਜ਼: ਜੰਗ ਵਿਚਾਲੇ ਰੂਸ ਤੇ ਯੂਕਰੇਨ ਵਿਚਾਲੇ ਗੱਲਬਾਤ ਬੇਨਤੀਜਾ ਰਹੀ, ਪਰ ਚੱਲਦੀ ਰਹੇਗੀ

### * ਫਰਾਂਸ ਦੇ ਰਾਸ਼ਟਰਪਤੀ ਮੈਕਰੋਂ ਵੱਲੋਂ ਪੁਤਿਨ ਨਾਲ ਗੱਲਬਾਤ * ਚੀਨ ਵੱਲੋਂ ਤਣਾਅ ਵਿਚਾਲੇ ਅਮਰੀਕਾ ਨੂੰ ਸਬੰਧ ਸੁਧਾਰਨ ਦੀ ਅਪੀਲ



ਲੰਡਨ, 28 ਫਰਵਰੀ, (ਪੋਸਟ ਬਿਊਰੋ)- ਰੂਸਅਤੇ ਯੂਕਰੇਨਦੀ ਜੰਗ ਨੂੰ ਰੋਕਣ ਲਈ ਅੱਜ ਦੋਵਾਂ ਦੇਸ਼ਾਂ ਦੇ ਪ੍ਰਤੀਨਿਧਾਂ ਦੀ ਬੇਲਾਰੂਸ ਵਿੱਚਗੱਲਬਾਤ ਹੋਈ ਅਤੇ ਬੇਨਤੀਜਾ ਖ਼ਤਮ ਹੋ ਗਈ, ਪਰ ਗੱਲਬਾਤ ਚੱਲਦੀ ਰੱਖਣ ਦਾ ਫੈਸਲਾ ਹੋ ਗਿਆ ਹੈ। ਦੋਵਾਂ ਦੇਸ਼ਾਂ ਦੇ ਨੁਮ-ਾਇੰਦੇ ਆਪਣੀ ਦੁਸ਼ਮਣੀ ਖ਼ਤਮ ਕਰਨ ਅਤੇ ਸ਼ਾਂਤੀ ਬਹਾਲ ਕਰਨ ਲਈ ਗੱਲਬਾਤ ਕਰ ਰਹੇ ਸਨ। ਕਈ ਘੰਟੇ ਚੱਲੀਮੀਟਿੰਗ ਕਿਸੇ ਨਿਸ਼ਚਿਤ ਫ਼ੈਸਲੇ ਉੱਤੇ ਨਹੀਂ ਪਹੁੰਚ ਸਕੀ। ਆਈਆਂ ਖਬਰਾਂ ਮੁਤਾਬਕ ਗੱਲਬਾਤ ਵਿੱਚਯੂਕਰੇਨ ਨੇ ਕ੍ਰੀਮੀਆ ਅਤੇ ਡੋਨਬਾਸ ਸਮੇਤ ਆਪਣੇ ਪੂਰੇ ਦੇਸ਼ ਉੱਤੋਂ ਰੂਸੀ ਫੌਜਾਂ ਨੂੰ ਵਾਪਸ ਬੁਲਾਉਣ ਦੀ ਮੰਗ ਕੀਤੀ ਸੀ। ਪਹਿਲੇ ਦੌਰ ਦੀ ਗੱਲਬਾਤ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਜਲਦੀ ਹੀ ਦੂਸਰੇ ਦੌਰ ਦੀ ਗੱਲਬਾਤ ਦੀ ਹੋ ਸਕਦੀ ਹੈ। ਇਸ ਤੋਂ ਪਹਿਲਾਂ ਦੋਵਾਂ ਦੇਸ਼ਾਂ ਦੇ ਵਫ਼ਦ ਸਲਾਹ-ਮਸ਼ਵਰੇ ਲਈ ਆਪਣੀ ਰਾਜਧਾਨੀ ਕੀਵ ਤੇ ਮਾਸਕੋ ਪਰਤਣਗੇ। ਦੂਸਰੇ ਦੌਰ ਦੀ ਗੱਲਬਾਤ ਪੋਲਿਸ਼-ਬੇਲਾਰੂਸ ਸਰਹੱਦ ਉੱਤੇ ਹੋਵੇਗੀ। ਰੂਸਵੱਲੋਂਯੂਕਰੇਨ ਉੱਤੇ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਇਹ ਪਹਿਲੀ ਮੁਲਾਕ-ਾਤ ਸੀ ਅਤੇ ਇਸ ਤੋਂ ਕਾਫ਼ੀ ਆਸਾਂ ਲਾਈਆਂ ਜਾ ਰਹੀਆਂ ਹਨ। ਇਸ ਜੰਗ ਵਿੱਚਰੂਸ ਤੇ ਯੂਕਰੇਨ ਦੋਵਾਂ ਦਾ ਵੱਡਾ ਨੁਕਸਾਨ ਹੋ ਚੁੱਕਾ ਹੈ ਅਤੇ ਵੱਡੀ ਗਿਣਤੀਲੋਕ ਯੂਕਰੇਨ ਛੱਡ ਕੇ ਗੁਆਂਢੀ ਦੇਸ਼ਾਂ ਵਿਚ ਸ਼ਰਣ ਲੈ ਚੁੱਕੇ ਹਨ।

ਦੂਸਰੇ ਪਾਸੇ ਯੂਕਰੇਨ ਉੱਤੇਰੂਸ ਦੇ ਹਮਲੇ ਦੌਰਾਨ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਅੱਜ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਫੋਨ ਉੱਤੇ ਗਲ ਕੀਤੀ। ਦੋਵਾਂ ਆਗੂਆਂ ਵਿੱਚ ਕਰੀਬ ਡੇਢ ਘੰਟਾਗੱਲਬਾਤ ਹੋਈ।ਇਸ ਤੋਂ ਬਾਅਦ ਪੁਤਿਨ ਨੇ ਬਿਆਨ ਦਿੱਤਾ ਕਿ ਇਸ ਜੰਗ ਦਾ ਹੱਲ ਉਦੋਂ ਸੰਭਵ ਹੈ, ਜਦੋਂ ਰੂਸ ਦੀ ਸੁਰੱਖਿਆਦੇ ਬਾਰੇ ਖਿਆਲ ਕੀਤਾ ਜਾਵੇਗਾ ਤੇ ਉਸ ਦੀ ਪ੍ਰਭੂਸੱਤਾ ਦਾ ਧਿਆਨ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਰੂਸ ਦੀ ਸੁਰੱਖਿਆਦੇ ਨਾਲ ਕਿਸੇ ਤਰ੍ਹਾਂ ਦਾ ਕੋਈ ਖਿਲਵਾੜ ਨਹੀਂ ਹੋਣ ਦਿੱਤਾ ਜਾਵੇਗਾ। ...ਬਾਕੀ ਪੰਨਾ 3 'ਤੇ

## ਗਿੱਗ ਵਰਕਰਜ਼ ਦੀਆਂ ਉਜਰਤਾਂ 15 ਡਾਲਰ ਪ੍ਰਤੀ ਘੰਟਾ ਕਰਨ ਲਈ ਫੋਰਡ ਸਰਕਾਰ ਨੇ ਪੇਸ਼ ਕੀਤਾ ਬਿੱਲ




ਓਨਟਾਰੀਓ, 28 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਸੋਮਵਾਰ ਨੂੰ ਪੇਸ਼ ਕੀਤੇ ਗਏ ਨਵੇਂ ਬਿੱਲ ਤਹਿਤ ਐਪ ਅਧਾਰਤ ਗਿੱਗ ਵਰਕਰਜ਼ ਨੂੰ ਘੰਟੇ ਦੇ ਘੱਟ ਤੋਂ ਘੱਟ 15 ਡਾਲਰ ਦੇਣ ਦੀ ਗੱਲ ਆਖੀ ਗਈ ਹੈ।

ਇਸ ਡਿਜੀਟਲ ਪਲੇਟਫਾਰਮ ਵਰਕਰਜ਼ ਰਾਈਟ ਐਕਟ ਵਿੱਚ ਐਪ ਅਧਾਰਤ ਸੇਵਾਵਾਂ ਜਿਵੇਂ ਕਿ ਰਾਈਡ ਸ਼ੇਅਰ ਡਰਾਈਵਰਜ਼ ਤੇ ਕੁਰੀਅਰ ਵਜੋਂ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਨਿਯਮਤ ਘੱਟ ਤੋਂ ਘੱਟ ਉਜਰਤ ਦੀ ਗਾਰੰਟੀ ਦੇਣ ਦੀ ਗੱਲ ਆਖੀ ਗਈ ਹੈ। ਇਹ ਰਕਮ ਅਜਿਹੇ ਗਿੱਗ ਵਰਕਰਜ਼ ਨੂੰ ਉਨ੍ਹਾਂ ਨੂੰ ਹਾਸਲ ਹੋਣ ਵਾਲੀਆਂ ਟਿੱਪਜ਼ ਤੋਂ ਇਲਾਵਾ ਦਿੱਤੇ ਜਾਣ ਦੀ ਤਜਵੀਜ਼ ਕੀਤੀ ਗਈ ਹੈ। ਇਹ ਐਕਟ ਤਹਿਤ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਪਲੇਟਫਾਰਮ ਆਪਰੇਟਰਜ਼ ਉਨ੍ਹਾਂ ਨੂੰ ਨਿਰਧਾਰਤ ਦਿਨ ਤੇ ਅਰਸੇ ਮੁਤਾਬਕ ਉਜਰਤ ਅਦਾ ਕਰਨ।

...ਬਾਕੀ ਪੰਨਾ 3 'ਤੇ

## ਮਾਸਕ ਸਬੰਧੀ ਨਿਯਮ ਖ਼ਤਮ ਕਰਨ ਤੋਂ ਕੁੱਝ ਕਦਮਾਂ ਦੀ ਦੂਰੀ ਉੱਤੇ ਹੈ ਓਨਟਾਰੀਓ

ਓਨਟਾਰੀਓ, 28 ਫਰਵਰੀ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਨੇ ਸੋਮਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਆਖਿਆ ਕਿ ਮਾਸਕ ਸਬੰਧੀ ਨਿਯਮ ਨੂੰ ਹਟਾਉਣ ਤੋਂ ਪ੍ਰੋਵਿੰਸ ਕੁੱਝ ਕਦਮਾਂ ਦੀ ਦੂਰੀ ਉੱਤੇ ਹੈ ਪਰ ਅਜਿਹਾ ਉਦੋਂ ਤੱਕ ਨਹੀਂ ਹੋ ਸਕਦਾ ਜਦੋਂ ਤੱਕ ਉੱਥੇ ਡਾਕਟਰ ਇਸ ਦੀ ਇਜਾਜ਼ਤ ਨਹੀਂ ਦਿੰਦੇ।

ਓਨਟਾਰੀਓ ਵਿੱਚ ਗਿੱਗ ਵਰਕਰਜ਼ ਲਈ ਘੱਟ ਤੋਂ ਘੱਟ ਉਜਰਤਾਂ ਤੈਅ ਕਰਨ ਵਾਸਤੇ ਐਲਾਨ ਕਰਨ ਲਈ ਰੱਖੀ ਪ੍ਰੈੱਸ ਕਾਨਫਰੰਸ ਵਿੱਚ ਮਾਸਕ ਸਬੰਧੀ ਨਿਯਮ ਬਾਰੇ ਇਹ ਸਵਾਲ ਕੀਤਾ ਗਿਆ। ਫੋਰਡ ਨੇ ਆਖਿਆ ਕਿ ਹੋ ਸਕਦਾ ਹੈ ਕਿ ਮਾਸਕ ਸਬੰਧੀ ਇਹ ਨਿਯਮ ਅਗਲੇ ਕੁੱਝ ਹਫਤਿਆਂ ਵਿੱਚ ਹਟਾਅ ਲਿਆ ਜਾਵੇ ਤੇ ਬਹੁਤੀ ਸੰਭਾਵਨਾਂ ਮਾਰਚ ਦੀਆਂ ਛੁੱਟੀਆਂ ਤੋਂ ਬਾਅਦ ਦੀ ਹੈ। ਪਰ ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਹਾਲ ਦੀ ਘੜੀ ਉਹ ਤਰੀਕ ਤੈਅ ਕਰਨ ਲਈ ਤਿਆਰ ਨਹੀਂ ਹਨ।

ਲੱਗਭਗ ਸਾਰੀਆਂ ਕੋਵਿਡ-19 ਪਾਬੰਦੀਆਂ ਨੂੰ ਖ਼ਤਮ ਕਰਨ ਤੋਂ ਓਨਟਾਰੀਓ ਇੱਕ ਦਿਨ ਦੀ ਦੂਰੀ ਉੱਤੇ ਹੈ। ਇਸ ਦੌਰਾਨ ਬਹੁਤੀਆਂ ਸੈਟਿੰਗਜ਼ ਵਿੱਚ ਵੈਕਸੀਨ ਸਰਟੀਫਿਕੇਟ ਪ੍ਰੋਗਰਾਮ ਵੀ ਖ਼ਤਮ ਕਰ ਦਿੱਤਾ ਜਾਵੇਗਾ। ਮੰਗਲਵਾਰ ਨੂੰ ਇੰਡੋਰ ਪਬਲਿਕ ਸੈਟਿੰਗ ਦੀ ਸਮਰਥਾ ਉੱਤੇ ਲਾਈ ਗਈ ਲਿਮਿਟ ਵੀ ਖਤਮ ਹੋ ਜਾਵੇਗੀ।

NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272 www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3 Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL 416 938 4598

YES! Immigration Yes we can...
Locations: Woodbridge, Mississauga, Scarborough
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
iccrc Raj Narang, Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969 (647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance, Mortgage Insurance, Life Insurance, Visitor & Travel Insurance, RESP(Education Plan), Critical Illness Insurance
RANJIT GILL Insurance Advisor 416-724-5000

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
Gift Prize with Every Purchase
- Repair at no extra cost
- Appraisal Certificate
- Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan Mob: 416-465-1200
www.dubaijewellers.ca info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਿਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance, Walkie pallet, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001 NC Dhawan Certified Instructor

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc.
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
$25/mo.
1 Promenade Circle, Thornhill
379 Main St. North, Brampton
2456 Lake Shore Blvd West, Etobicoke
chatr™
AUTHORIZED DEALER
Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਤਨਾਅ ਵਧਾਊ ਪੈਂਤੜੇ: ਯੂਕਰੇਨੀ ਰਾਸ਼ਟਰਪਤੀ ਜ਼ੈਲੈਂਸਕੀ ਵੱਲੋਂ ਯੂਰਪੀ ਯੂਨੀਅਨ ਦੀ ਮੈਂਬਰੀ ਉੱਤੇ ਦਸਖ਼ਤ

* ਅਮਰੀਕਾ ਵੱਲੋਂ ਬੇਲਾਰੂਸ ਵਿੱਚ ਆਪਣਾ ਦੂਤਘਰ ਬੰਦ



ਕੀਵ, 28 ਫਰਵਰੀ, (ਪੋਸਟ ਬਿਊਰੋ)-ਯੂਕਰੇਨ ਉੱਤੇ ਰੂਸ ਦੇ ਹਮਲਿਆਂ ਦੇ ਦੌਰਾਨਅੱਜ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਨੇ ਯੂਰਪੀਅਨ ਯੂਨੀਅਨ (ਈ ਯੂ) ਨੂੰ ਅਪੀਲ ਕੀਤੀ ਹੈ ਕਿ ਉਹ ਜਲਦੀਯੂਕਰੇਨ ਨੂੰ ਈਯੂ ਦੀ ਮੈਂਬਰੀ ਦੇ ਦੇਵੇ। ਇਸ ਦੇ ਲਈ ਉਨ੍ਹਾਂ ਨੇ ਅੱਜ ਈਯੂ ਦੀ ਮੈਂਬਰਸ਼ਿਪ ਅਰਜ਼ੀ ਉੱਤੇਕਾਹਲੀ ਵਿੱਚ ਦਸਤਖ਼ਤ ਕਰ ਦਿੱਤੇ ਹਨ। ਈਯੂ ਦੀ ਮੈਂਬਰੀ ਲਈ ਅਰਜ਼ੀ ਪਿੱਛੋਂਜ਼ੈਲੈਂਸਕੀ ਨੇ ਕਿਹਾ ਕਿ ਇਹ ਯੂਕਰੇਨ ਦੇ ਲੋਕਾਂ ਦੀ ਪਸੰਦ ਹੈ।

ਦੂਸਰੇ ਪਾਸੇ ਯੂ ਐੱਨ ਓ ਨੇ ਦਾਅਵਾ ਕੀਤਾ ਹੈ ਕਿ ਪਿਛਲੇ ਹਫਤੇ ਰੂਸ ਵਲੋਂ ਹਮਲਾ ਕਰਨਪਿੱਛੋਂ ਪੰਜ ਲੱਖ ਤੋਂ ਵੱਧ ਲੋਕਾਂ ਨੇ ਯੂਕਰੇਨ ਛੱਡਿਆ ਹੈ। ਪੋਲੈਂਡ, ਹੰਗਰੀ, ਸਲੋਵਾਕੀਆ, ਰੋਮਾਨੀਆ ਤੇ ਮੋਲਦੋਵੀਆ ਦੇ ਸਰਹੱਦੀ ਨਾਕਿਆਂ ਉੱਤੇ ਕਾਰਾਂ ਅਤੇ ਬੱਸਾਂ ਦੀ ਲੰਬੀਆਂ ਲਾਈਨਾਂ ਦੇਖੀਆਂ ਗਈਆਂ। ਕਈ ਲੋਕਾਂ ਨੇ ਪੈਦਲ ਸਰਹੱਦਪਾਰ ਕੀਤੀ ਅਤੇਸੈਂਕੜੇ ਸ਼ਰਨਾਰਥੀ ਹੰਗਰੀ ਦੇ ਸਰਹੱਦੀ ਪਿੰਡ ਬੇਰੇਗਸੁਰਨੀ ਦੇ ਇਕ ਵਕਤੀ ਕੇਂਦਰ ਵਿਚ ਠਹਿਰੇ ਹਨ, ਜਿੱਥੇ ਉਹ ਆਵਾਜਾਈ ਕੇਂਦਰਾਂ ਵੱਲ ਜਾਣ ਲਈ ਵਾਹਨਾਂ ਦੀ ਉਡੀਕ ਕਰ ਰਹੇ ਹਨ। ਪੂਰਬੀ ਯੂਰਪ ਦੇ ਹੋਰ ਸਰਹੱਦੀ ਖੇਤਰਾਂ ਵਲੋਂ ਬੇਰੇਗਸੁਰਨੀ ਦੇ ਇਕ ਕੇਂਦਰ ਵਿੱਚ ਕਈ ਸ਼ਰਨਾਰਥੀ ਭਾਰਤ, ਨਾਈਜ਼ੀਰੀਆ ਅਤੇ ਹੋਰ ਅਫਰੀਕੀ ਦੇਸ਼ਾਂ ਦੇ ਲੋਕ ਹਨ। ਉਹ ਯੂਕਰੇਨ ਵਿਚ ਕੰਮ ਕਰਦੇ ਜਾਂ ਪੜ੍ਹਾਈ ਕਰਦੇ ਸਨ।ਪੱਛਮੀ ਯੂਕਰੇਨ ਦੇ ਟੇਰਨੋਪਿਲ ਵਿੱਚਪੜ੍ਹਦਾ 22 ਸਾਲਾ ਭਾਰਤੀ ਮੈਡੀਕਲ ਵਿਦਿਆਰਥੀ ਮਸਰੂਰ ਅਹਿਮਦ 18 ਹੋਰ ਭਾਰਤੀ ਵਿਦਿਆਰਥੀਆਂ ਨਾਲ ਹੰਗਰੀ ਦੀ ਸਰਹੱਦ ਉੱਤੇ ਆਇਆ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਰਾਜਧਾਨੀ ਬੁਡਪੇਸਟ ਪੁੱਜਣ ਦੀ ਆਸ ਹੈ, ਜਿੱਥੋਂ ਭਾਰਤ ਨੇ ਆਪਣੇ ਲੋਕਾਂ ਨੂੰ ਕੱਢਣ ਲਈ ਉਡਾਣਾਂ ਸ਼ੁਰੂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਟੇਰਨੋਪਿਲ ਵਿੱਚ ਅਜੇ ਤੱਕ ਜੰਗ ਨਹੀਂ ਪੁੱਜੀ, ਕਿਸੇ ਸਮੇਂ ਵੀ ਬੰਬਾਰੀ ਹੋ ਸਕਦੀ ਹੈ। ਹੰਗਰੀ ਨੇ ਯੂਕਰੇਨ ਛੱਡ ਰਹੇ ਸਾਰੇ ਲੋਕਾਂ ਲਈ ਆਪਣੀਆਂ ਸਰਹੱਦਾਂ ਖੋਲ੍ਹ ਦਿੱਤੀਆਂ ਹਨ, ਜਿਨ੍ਹਾਂ ਵਿਚ ਤੀਸਰੇ ਦੇਸ਼ ਦੇ ਨਾਗਰਿਕ ਵੀ ਸ਼ਾਮਿਲ ਹਨ, ਜੋ ਯੂਕਰੇਨ ਵਿਚ ਆਪਣੀ ਰਿਹਾਇਸ਼ ਦੀ ਗੱਲ ਸਾਬਿਤ ਕਰ ਸਕਦੇ ਹਨ।

ਓਧਰ ਅਮਰੀਕਾ ਨੇ ਬੇਲਾਰੂਸ ਵਿੱਚ ਆਪਣਾ ਦੂਤਘਰ ਬੰਦ ਕਰ ਕੇ ਜੰਗ ਕਾਰਨ ਰੂਸਦੇ ਅਮਰੀਕੀ ਦੂਤਘਰ ਦੇ ਗੈਰ-ਜ਼ਰੂਰੀ ਸਟਾਫ ਨੂੰ ਘਰ ਮੁੜਨ ਦੀ ਖੁੱਲ੍ਹਦੇ ਦਿੱਤੀ ਹੈ। ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਇੱਕ ਬਿਆਨ ਵਿੱਚ ਮਿੰਸਕ ਵਿੱਚਦੂਤਘਰਦਾ ਕੰਮਬੰਦ ਕਰਨ ਅਤੇ ਮਾਸਕੋ ਦੂਤਘਰ ਦੇ ਸਟਾਫ ਦੇ ਮੁੜਨ ਦਾ ਐਲਾਨ ਕੀਤਾ।

ਇਸ ਦੌਰਾਨ ਰੂਸਨੇੜਲੇ 36 ਦੇਸ਼ਾਂ ਨੇ ਉਸ ਦੇ ਜਹਾਜ਼ਾਂ ਲਈ ਹਵਾਈ ਪਾਬੰਦੀਆਂ ਲਾ ਦਿੱਤੀਆਂ ਤੇ ਇਸ ਕਾਰਨ ਕਈ ਪਾਸਿਆਂ ਲਈਰੂਸ ਦਾ ਰਾਹ ਰੁਕ ਗਿਆ ਹੈ। ਸਖ਼ਤ ਆਰਥਿਕ ਪਾਬੰਦੀਆਂ ਨਾਲਰੂਸ ਨੂੰ ਨਿਖੇੜਨ ਦੀ ਮੁਹਿੰਮ ਦੇ ਹਾਲਾਤ ਵਿੱਚ ਬੇਲਾਰੂਸ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਲੁਕਾਸ਼ੇਂਕੋਂ ਨੇ ਸੰਸਾਰ ਜੰਗ ਛਿੜਨ ਦੀ ਸ਼ੰਕਾ ਜ਼ਾਹਰ ਕੀਤੀ ਹੈ। ਪੱਛਮੀ ਦੇਸ਼ਾਂ ਨੇ ਰੂਸ ਦੇ ਮਿੱਤਰ ਦੇਸ਼ ਬੇਲਾਰੂਸ ਉੱਤੇ ਵੀ ਪਾਬੰਦੀਆਂ ਦੇ ਸੰਕੇਤ ਦਿੱਤੇ ਹਨ। ਬੇਲਾਰੂਸ ਵਿੱਚਰਿਫਰੈਂਡਮਵਿੱਚ 65 ਫ਼ੀਸਦੀ ਤੋਂ ਵੱਧ ਲੋਕਾਂ ਨੇ ਐਟਮੀ ਹਥਿਆਰਹੀਣ ਦੇਸ਼ ਦਾ ਦਰਜਾ ਤਿਆਗਣ ਲਈ ਵੋਟ ਦਿੱਤੀ ਹੈ।

## ਟੈਂਕ ਭੇਦਣ ਵਾਲੇ ਹਥਿਆਰ ਤੇ ਅਤਿਆਧੁਨਿਕ ਅਸਲਾ ਯੂਕਰੇਨ ਭੇਜੇਗਾ ਕੈਨੇਡਾ

ਪੰਨਾ 1 ਦਾ ਬਾਕੀ...

ਉੱਤੇ ਜ਼ੁਲਮ ਕਰਨ ਉੱਤੇ ਤੁਲੇ ਹੋਏ ਹਨ। ਪਰ ਯੂਕਰੇਨ ਵਾਸੀਆਂ ਨੇ ਵੀ ਇਹ ਦਰਸਾ ਦਿੱਤਾ ਹੈ ਕਿ ਉਹ ਇਸ ਤਰ੍ਹਾਂ ਦਾ ਜ਼ੁਲਮ ਹੋਰ ਨਹੀਂ ਸਹਿਣਗੇ। ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਨੇ ਆਖਿਆ ਕਿ 19 ਜਨਵਰੀ ਤੋਂ ਲੈ ਕੇ ਹੁਣ ਤੱਕ ਕੈਨੇਡਾ ਨੇ ਇੱਥੇ ਆਉਣ ਦੇ ਚਾਹਵਾਨ ਯੂਕਰੇਨ ਵਾਸੀਆਂ ਦੀਆਂ 4000 ਅਰਜ਼ੀਆਂ ਮਨਜ਼ੂਰ ਕੀਤੀਆਂ ਹਨ। ਉਨ੍ਹਾਂ ਆਖਿਆ ਕਿ ਦੂਜੇ ਦੇਸ਼ਾਂ ਵਿੱਚ ਜਾ ਕੇ ਪਨਾਹ ਲੈ ਰਹੇ ਹਜ਼ਾਰਾਂ ਯੂਕਰੇਨ ਵਾਸੀਆਂ ਨੂੰ ਸੁਰੱਖਿਅਤ ਢੰਗ ਨਾਲ ਤੇ ਜਲਦ ਹੀ ਕੈਨੇਡਾ ਸੱਦਣ ਲਈ ਵੀ ਉਪਰਾਲੇ ਕੀਤੇ ਜਾਣਗੇ।

## ਡੀ ਐੱਨ ਏ ਨਾਲ ਦੁਨੀਆ ਦਾ ਸਭ ਤੋਂ ਵੱਡਾ ਪਰਵਾਰ ਲੱਭਾ, 2 ਕਰੋੜ 70 ਲੱਖ ਲੋਕ ਜੁੜੇ

ਲੰਡਨ, 28 ਫਰਵਰੀ (ਪੋਸਟ ਬਿਊਰੋ)- ਵਿਗਿਆਨੀਆਂ ਨੇ ਦੁਨੀਆ ਦਾ ਸਭ ਤੋਂ ਵੱਡਾ ਪਰਵਾਰ ਯਾਨੀ ਫੈਮਿਲੀ ਟ੍ਰੀ ਲੱਭ ਲੈਣ ਦਾ ਦਾਅਵਾ ਕੀਤਾ ਹੈ, ਜਿਸ ਨਾਲ 27 ਮਿਲੀਅਨ ਯਾਨੀ ਦੋ ਕਰੋੜ ਸੱਤਰ ਲੱਖ ਲੋਕ ਜੁੜੇ ਹਨ। ਇਹ ਲੋਕ ਅੱਜ ਦੇ ਸਮੇਂ ਵਿੱਚ ਦੁਨੀਆ ਦੇ ਕੋਨੇ-ਕੋਨੇ ਵਿੱਚ ਮੌਜੂਦ ਹਨ। ਇਸ ਬਾਰੇ ਰਿਪੋਰਟ ਮੁਤਾਬਕ ਬ੍ਰਿਟੇਨ ਦੇ ਵਿਗਿਆਨੀਆਂ ਦੀ ਇੱਕ ਟੀਮ ਨੇ ਇਹ ਅਨੋਖੀ ਖੋਜ ਕੀਤੀ ਤੇ ਦੱਸਿਆ ਹੈ ਕਿ ਦੁਨੀਆ ਦੇ ਸਭ ਤੋਂ ਵੱਡੇ ਪਰਵਾਰ ਯਾਨੀ ਫੈਮਿਲੀ ਟ੍ਰੀ ਦੀਆਂ ਜੜ੍ਹਾਂ ਅੱਜ ਤੋਂ ਕਰੀਬ 10 ਹਜ਼ਾਰ ਸਾਲ ਪੁਰਾਣੀਆਂ ਹਨ। ਇਸ ਨੂੰ ਅੱਜ ਤਕ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਪੁਰਾਣਾ ਫੈਮਿਲੀ ਟ੍ਰੀ ਮੰਨਿਆ ਜਾ ਰਿਹਾ ਹੈ। ਰਿਪੋਰਟਾਂ ਮੁਤਾਬਕ ਇਸ ਫੈਮਿਲੀ ਟ੍ਰੀ ਵਿੱਚ ਇੱਕ ਤੋਂ ਦੂਸਰੇ, ਦੂਸਰੇ ਤੋਂ ਤੀਸਰੇ, ਤੀਸਰੇ ਤੋਂ ਚੌਥੇ, ਏਦਾਂ ਦੂਰ-ਦੂਰ ਤੱਕ ਦੇ ਕਈ ਅਜਿਹੇ ਰਿਸ਼ਤੇਦਾਰਾਂ ਨੂੰ ਜੋੜਿਆ ਗਿਆ ਹੈ।

## ਗਿੱਗ ਵਰਕਰਜ਼ ਦੀਆਂ ਉਜਰਤਾਂ 15 ਡਾਲਰ ਪ੍ਰਤੀ ਘੰਟਾ ਕਰਨ ਲਈ ਫੋਰਡ ਸਰਕਾਰ ਨੇ ਪੇਸ਼ ਕੀਤਾ ਬਿੱਲ

ਪੰਨਾ 1 ਦਾ ਬਾਕੀ...



ਓਨਟਾਰੀਓ ਦੇ ਲੇਬਰ ਮੰਤਰੀ ਮੌਂਟੀ ਮੈਕਨੌਟਨ ਨੇ ਆਖਿਆ ਕਿ ਸਾਨੂੰ ਅਕਸਰ ਇਸ ਤਰ੍ਹਾਂ ਦੀਆਂ ਗੱਲਾਂ ਸੁਣਨ ਵਿੱਚ ਆਉਂਦੀਆਂ ਰਹਿੰਦੀਆਂ ਹਨ ਕਿ ਇੱਕ ਹਫਤੇ ਗਿੱਗ ਵਰਕਰ ਵੱਲੋਂ 1400 ਡਾਲਰ ਕਮਾਏ ਗਏ ਤੇ ਅਗਲੇ ਹਫਤੇ ਉਹ 500 ਡਾਲਰ ਹੀ ਬਣਾ ਸਕਿਆ।ਪਰ ਇਹ ਗਿੱਗ ਵਰਕਰ ਸਮਝ ਨਹੀਂ ਪਾਉਂਦੇ ਕਿ ਅਜਿਹਾ ਕਿਉਂ ਹੁੰਦਾ ਹੈ। ਇਸ ਲਈ ਅਸੀਂ ਪਾਰਦਰਸ਼ਤਾ ਲਿਆਉਣੀ ਚਾਹੁੰਦੇ ਹਾਂ ਤਾਂ ਕਿ ਵਰਕਰਜ਼ ਇਹ ਜਾਣ ਸਕਣ ਕਿ ਇਹ ਸੱਭਕੁੱਝ ਕਿਸ ਤਰ੍ਹਾਂ ਕੰਮ ਕਰਦਾ ਹੈ ਤੇ ਉਨ੍ਹਾਂ ਨੂੰ ਅਦਾਇਗੀ ਕਿਸ ਤਰ੍ਹਾਂ ਹੋਵੇਗੀ।

ਮੈਕਨੌਟਨ ਨੇ ਆਖਿਆ ਕਿ ਉਨ੍ਹਾਂ ਕਿਸੇ ਗਿੱਗ ਵਰਕਰ ਨੂੰ ਇਹ ਕਹਿੰਦਿਆਂ ਸੁਣਿਆ ਸੀ ਕਿ ਉਸ ਨੂੰ ਘੰਟੇ ਦੇ ਪੰਜ ਡਾਲਰ ਮਿਲਦੇ ਹਨ ਤੇ ਉਨ੍ਹਾਂ ਆਖਿਆ ਕਿ ਇਹ ਸਥਿਤੀ ਸਵੀਕਾਰਯੋਗ ਨਹੀਂ ਹੈ। ਉਨ੍ਹਾਂ ਆਖਿਆ ਕਿ ਪ੍ਰੋਵਿੰਸ ਦਾ ਹਰ ਵਰਕਰ ਘੱਟ ਤੋਂ ਘੱਟ ਉਜਰਤ ਹਾਸਲ ਕਰਨ ਦਾ ਹੱਕਦਾਰ ਹੈ ਤੇ ਇਹ ਕੰਪਨੀਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਘੱਟੋ ਘੱਟ, ਘੱਟ ਤੋਂ ਘੱਟ ਉਜਰਤ ਤਾਂ ਇਨ੍ਹਾਂ ਵਰਕਰਜ਼ ਨੂੰ ਦੇਣ ਤੇ ਇਸ ਲਈ ਇਨ੍ਹਾਂ ਕੰਪਨੀਆਂ ਨੂੰ ਕਾਨੂੰਨ ਤਹਿਤ ਅਜਿਹਾ ਕਰਨ ਲਈ ਮਜਬੂਰ ਕੀਤਾ ਜਾਵੇਗਾ।

## ਦਿਨ ਦਿਹਾੜੇ ਹੋਈ ਸ਼ੂਟਿੰਗ ਵਿੱਚ ਇੱਕ ਵਿਅਕਤੀ ਦੀ ਹੋਈ ਮੌਤ



ਸਕਾਰਬਰੋ,28 ਫਰਵਰੀ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਸਕਾਰਬਰੋ ਦੇ ਵੈਸਟ ਹਿੱਲ ਏਰੀਆ ਵਿੱਚ ਇੱਕ ਵਿਅਕਤੀ ਨੂੰ ਦਿਨ ਦਿਹਾੜੇ ਕਈ ਗੋਲੀਆਂ ਮਾਰੀਆਂ ਗਈਆਂ।ਜ਼ਖ਼ਮੀ ਹਾਲਤ ਵਿੱਚ ਉਸ ਨੂੰ ਹਸਪਤਾਲ ਲਿਜ-ਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ।

ਸ਼ਾਮੀਂ 5:10 ਵਜੇ ਹੋਈ ਸ਼ੂਟਿੰਗ ਦੀ ਖਬਰ ਦੇ ਕੇ ਪੁਲਿਸ ਨੂੰ ਕਿੰਗਸਟਨ ਰੋਡ ਤੇ ਮੌਰਨਿੰਗਸਾਈਡ ਐਵਨਿਊ ਨੇੜੇ ਟੈਫਟ ਰੋਡ ਉੱਤੇ ਸਥਿਤ ਪਾਰਕਿੰਗ ਲੌਟ ਵਿੱਚ ਸੱਦਿਆ ਗਿਆ। ਪੁਲਿਸ ਨੇ ਆਖਿਆ ਕਿ ਅਧਿਕਾਰੀਆਂ ਨੂੰ ਇੱਕ 22 ਸਾਲਾ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ, ਜਿਸ ਦੇ ਕਈ ਗੋਲੀਆਂ ਲੱਗੀਆਂ ਹੋਈਆਂ ਸਨ। ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਨੇ ਆਖਿਆ ਕਿ ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿੱਥੇ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਸ਼ਾਮੀਂ 7:15 ਵਜੇ ਉਹ ਦਮ ਤੋੜ ਗਿਆ। ਅਜੇ ਤੱਕ ਉਸ ਦੀ ਪਛਾਣ ਨਹੀਂ ਹੋ ਪਾਈ ਹੈ।

ਸੋਮਵਾਰ ਰਾਤ ਨੂੰ ਡਿਊਟੀ ਇੰਸਪੈਕਟਰ ਰਿਚਰਡ ਹੈਰਿਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ।ਉਨ੍ਹਾਂ ਦੱਸਿਆ ਕਿ ਮੌਕੇ ਉੱਤੇ ਫੋਰੈਂਸਿਕ ਆਫੀਸਰਜ਼ ਤੇ ਟੋਰਾਂਟੋ ਪੁਲਿਸ ਦੀ 43ਵੀਂ ਡਵੀਜ਼ਨ ਦੇ ਮੈਂਬਰ ਸਾਦਾ ਕੱਪੜਿਆਂ ਵਿੱਚ ਮੌਜੂਦ ਹਨ ਤੇ ਚਸ਼ਮਦੀਦਾਂ ਨਾਲ ਇੰਟਰਵਿਊ ਕਰ ਰਹੇ ਹਨ। ਹੈਰਿਸ ਨੇ ਦੱਸਿਆ ਕਿ ਗੋਲੀਆਂ ਝਗੜੇ ਤੋਂ ਬਾਅਦ ਚਲਾਈਆਂ ਗਈਆਂ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ਤੋਂ ਕੁੱਝ ਸਮੇਂ ਬਾਅਦ ਇੱਕ ਮਹਿਲਾ ਤੇ ਪੁਰਸ਼ ਨੂੰ ਕਿਲੋਮੀਟਰ ਦੀ ਦੂਰੀ ਉੱਤੇ ਹਿਰਾਸਤ ਵਿੱਚ ਲੈ ਲਿਆ ਗਿਆ ਤੇ ਉਨ੍ਹਾਂ ਕੋਲੋਂ ਹਥਿਆਰ ਵੀ ਬਰਾਮਦ ਹੋਇਆ।

ਪੁਲਿਸ ਨੇ ਦੱਸਿਆ ਕਿ ਅਜੇ ਤੱਕ ਕਿਸੇ ਕਿਸਮ ਦੇ ਚਾਰਜਿਜ਼ ਨਹੀਂ ਲਾਏ ਗਏ ਹਨ। ਮਾਮਲੇ ਦੀ ਜਾਂਚ ਹੋਮੀਸਾਈਡ ਯੂਨਿਟ ਹਵਾਲੇ ਕਰ ਦਿੱਤੀ ਗਈ ਹੈ।

## ਅਮਨ ਲਈ ਕੋਸ਼ਿਸ਼ਾਂ ਤੇਜ਼: ਜੰਗ ਵਿਚਾਲੇ ਰੂਸ ਤੇ ਯੂਕਰੇਨ ਵਿਚਾਲੇ ਗੱਲਬਾਤ ਬੇਨਤੀਜਾ ਰਹੀ, ਪਰ ਚੱਲਦੀ ਰਹੇਗੀ

...ਪੰਨਾ 1 ਦਾ ਬਾਕੀ

ਓਧਰ ਵਪਾਰ ਅਤੇ ਹੋਰ ਮੁੱਦਿਆਂ ਉੱਤੇ ਵਿਵਾਦ ਵਧਣ ਕਾਰਨ ਚੀਨ ਦੇ ਇੱਕ ਸਿਖਰਲੇ ਡਿਪਲੋਮੈਟ ਨੇ ਅਮਰੀਕਾ ਨੂੰ ਸਬੰਧਸੁਧਾਰਨ ਦੇ ਕਦਮ ਚੁੱਕਣ ਦੀ ਅਪੀਲ ਕੀਤੀ ਹੈ। ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਸੋਮਵਾਰ ਨੂੰ ਸ਼ੰਘਾਈ ਕਮਿਊਨੀਕ ਦੀ 50ਵੀਂ ਵਰ੍ਹੇਗੰਢ ਮੌਕੇ ਉੱਤੇਹੋਏ ਸਮਾਗਮ ਵਿੱਚ ਇਹ ਗੱਲ ਕਹੀ। ਇਸਕਮਿਊਨੀਕ ਉੱਤੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਰਿਚਰਡ ਨਿਕਸਨ ਦੀ 1972 ਦੀ ਚੀਨ ਯਾਤਰਾ ਵੇਲੇ ਦਸਤਖ਼ਤ ਹੋਏ ਸਨ।ਨਿਕਸਨ ਦੇ ਉਸ ਦੌਰੇ ਤੋਂ ਸੱਤ ਸਾਲ ਬਾਅਦ ਅਮਰੀਕਾ ਅਤੇ ਚੀਨ ਦੇਡਿਪਲੋਮੈਟਿਕ ਸਬੰਧ ਬਣਨ ਉੱਤੇ ਅਮਰੀਕਾ ਨੇ ਤਾਈਵਾਨ ਨਾਲ ਰਸਮੀ ਸਬੰਧ ਖ਼ਤਮ ਕਰ ਦਿੱਤੇ ਸਨ। ਚੀਨ ਤਾਈਵਾਨ ਉੱਤੇ ਆਪਣਾ ਦਾਅਵਾ ਕਰਦਾ ਹੈ ਤੇ ਉਸ ਦਾ ਕਹਿਣਾ ਹੈ ਕਿ ਜੇ ਇਸ ਉੱਤੇ ਕੰਟਰੋਲ ਕਰਨ ਲਈ ਤਾਕਤ ਦੀ ਵਰਤੋਂ ਕਰਨੀ ਪਵੇ ਤਾਂ ਉਹ ਇਸ ਤੋਂ ਗੁਰੇਜ਼ ਨਹੀਂ ਕਰੇਗਾ।ਇਸ ਮੌਕੇ ਚੀਨੀ ਵਿਦੇਸ਼ ਮੰਤਰੀ ਨੇ ਅਮਰੀਕਾ ਨੂੰ ਯੂਕਰੇਨ ਮਾਮਲੇ ਵਿੱਚ ਵੀ ਸੰਬੰਧ ਸੁਧਾਰਨ ਲਈ ਕਿਹਾ ਹੈ। ਵਰਨਣ ਯੋਗ ਹੈ ਕਿ ਚੀਨ ਤੇ ਰੂਸ ਦੇ ਰਿਸ਼ਤੇ ਕੁਝ ਦਹਾਕਿਆਂ ਵਿੱਚਸੁਧਰੇ ਹਨ, ਜਦਕਿ ਰੂਸ ਅਤੇ ਅਮਰੀਕਾ ਦੇ ਸਬੰਧਾਂ ਵਿੱਚਕੌੜ ਆਈ ਹੈ ਅਤੇਯੂਕਰੇਨ ਉੱਤੇ ਹਮਲੇ ਦੇ ਬਾਅਦ ਤੋਂ ਇਹ ਕੁੜੱਤਣ ਉੱਚ ਪੱਧਰ ਉੱਤੇ ਪ੍ਰਤੀਤ ਹੋ ਰਹੀ ਹੈ।
















## ਅੱਜ ਨਾਮਾ

ਸਭ ਕੁਝ ਭੁੱਲਿਆ, ਜਦੋਂ ਦੀ ਜੰਗ ਲੱਗੀ,
ਸਭ ਦਾ ਓਧਰ ਆ ਲੱਗਾ ਧਿਆਨ ਬੇਲੀ।
ਜਿਹੜਾ ਗਲ਼ੀ ਦੀ ਗੱਲ ਵੀ ਜਾਣਦਾ ਨਹੀਂ,
ਉਹ ਵੀ ਛਾਂਟ ਰਿਹਾ ਗੂੜ੍ਹ ਗਿਆਨ ਬੇਲੀ।
ਲੀਡਰ ਭੁੱਲ ਗਏ ਦੇਸ਼ ਦਾ ਹਰ ਮਸਲਾ,
ਜੰਗ ਦੇ ਬਾਰੇ ਪਏ ਦੇਣ ਬਿਆਨ ਬੇਲੀ।
ਓਦੋਂ ਦੇਸ਼ ਨਹੀਂ ਦੁਨੀਆ ਦੇ ਲੋਕ ਬੋਲੇ,
ਮਿਆਨ ਅੰਦਰ ਸੀ ਜਦੋਂ ਕ੍ਰਿਪਾਨ ਬੇਲੀ।
ਪਈ ਜਿਨ੍ਹਾਂ ਦੇ ਸਿਰੀਂ, ਉਹ ਭੁਗਤਦੇ ਈ,
ਭਾਰਤੀ ਬੱਚੇ ਨੇ ਭੁਗਤ ਰਹੇ ਨਾਲ ਬੇਲੀ।
ਓਧਰ ਉਨ੍ਹਾਂ ਦੀ ਸੂਲੀ'ਤੇ ਜਿੰਦ ਅਟਕੀ,
ਮੰਦੜਾ ਮਾਪਿਆਂ ਦਾਏਧਰ ਹਾਲ ਬੇਲੀ।

**ਤੀਸ ਮਾਰ ਖਾਂ**

# ਯੂਕਰੇਨ ਸੰਕਟ ਉੱਤੇ ਭਾਰਤ ਸਾਰੇ ਪੱਖਾਂ ਦੇ ਸੰਪਰਕ ਵਿੱਚ

### * ਸੰਕਟ ਟਾਲਣ ਤੇ ਭਾਰਤੀਆਂ ਨੂੰ ਕੱਢਣ ਦੇ ਯਤਨ ਜਾਰੀ

ਨਵੀਂ ਦਿੱਲੀ, 28 ਫਰਵਰੀ, (ਪੋਸਟ ਬਿਊਰੋ)- ਭਾਰਤ ਦੇ ਵਿਦੇਸ਼ ਸੈਕਟਰੀ ਹਰਸ਼ਵਰਧਨ ਸ਼ਿੰਗਲਾ ਨੇ ਕਿਹਾ ਹੈ ਕਿ ਯੂਕਰੇਨ ਸੰਕਟ ਉੱਤੇ ਭਾਰਤ ਦਾ ਰੁਖ ਸਾਫ ਹੈ ਤੇ ਅਸੀਂ ਸਾਰੀਆਂ ਧਿਰਾਂ ਦੇ ਸੰਪਰਕ ਵਿੱਚਹਾਂ।



ਯੂ ਐੱਨ ਸਕਿਓਰਟੀ ਕੌਂਸਲ ਵਿੱਚ ਭਾਰਤ ਦੇ ਸਟੈਂਡ ਦਾ ਹਵਾਲਾ ਦੇ ਕੇ ਸ਼ਿੰਗਲਾ ਨੇ ਕਿਹਾ ਕਿ ਅਸੀਂ ਸਾਫਕਰ ਦਿੱਤਾ ਹੈ ਕਿ ਭਾਰਤ ਨੂੰ ਜਾਨੀ ਨੁਕਸਾਨ ਬਰਦਾਸ਼ਤ ਨਹੀਂ। ਵਰਨਣਯੋਗ ਹੈ ਕਿ ਭਾਰਤ ਨੇ ਰੂਸਵਿਰੁੱਧ ਨਿੰਦਾ ਮਤੇਉੱਤੇ ਕਿਸੇ ਪਾਸੇ ਵੋਟ ਨਹੀਂ ਸੀ ਪਾਈ, ਪਰ ਆਪਣੇ ਬਿਆਨ ਵਿੱਚਰੂਸ ਨੂੰ ਸਲਾਹ ਦਿੱਤੀ ਸੀ ਕਿ ਹਿੰਸਾ ਤੇ ਹਮਲੇ ਨਾਲ ਕਿਸੇ ਵੀ ਦੇਸ਼ ਦੀ ਪ੍ਰਭੂਸੱਤਾ ਅਤੇ ਅਖੰਡਤਾ ਨੂੰ ਤਬਾਹ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਅੱਜ ਸ਼ਿੰਗਲਾ ਨੇ ਕਿਹਾ ਕਿ ਸੁਰੱਖਿਆਕੌਂਸਲ ਵਿੱਚ ਅਸੀਂ ਇਹ ਸੰਦੇਸ਼ ਦਿੱਤਾ ਹੈ ਕਿ ਭਾਰਤ ਯੂਕਰੇਨ ਵਿੱਚ ਹੋਏ ਘਟਨਾਕ੍ਰਮ ਨਾਲ ਦੁਖੀ ਹੈ, ਪਰ ਨਾਲ ਇਹ ਵੀ ਸਪੱਸ਼ਟ ਕੀਤਾ ਹੈ ਕਿ ਗੱਲਬਾਤ ਹੀ ਇੱਕੋ ਇੱਕ ਬਦਲ ਹੈ।

ਵਿਦੇਸ਼ ਸੈਕਟਰੀ ਨੇ ਕਿਹਾ ਕਿ ਭਾਰਤ ਸਾਰੀਆਂ ਧਿਰਾਂ ਦੇ ਸੰਪਰਕ ਵਿੱਚ ਹੈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸ ਤੇ ਯੂਕਰੇਨ ਦੇ ਰਾਸ਼ਟਰਪਤੀਆਂ ਨਾਲ ਗੱਲ ਕੀਤੀ ਹੈ। ਵਿਦੇਸ਼ ਸੈਕਟਰੀ ਹਰਸ਼ਵਰਧਨ ਸ਼ਿੰਗਲਾ ਨੇ ਕਿਹਾ ਕਿ ਉਹ ਖ਼ੁਦ ਐਤਵਾਰ ਰੂਸ ਤੇ ਯੂਕਰੇਨ ਦੇ ਰਾਜਦੂਤਾਂ ਨੂੰ ਮਿਲੇ ਸਨ। ਜਿਸ ਖੇਤਰ ਵਿੱਚ ਟਕਰਾਅ ਹੈ, ਉੱਥੇ ਨਾ ਸਿਰਫ਼ ਭਾਰਤ ਦੇ ਹਿੱਤ ਦਾਅ ਉੱਤੇ ਹਨ, ਸਗੋਂ ਸਾਡੇ ਦੋਸਤ ਵੀ ਹਨ।ਸ਼ਿੰਗਲਾ ਨੂੰ ਪੁੱਛਿਆ ਗਿਆ ਕਿ ਕੀ ਸੰਕਟ ਖ਼ਤਮ ਕਰਨ ਲਈ ਭਾਰਤ ਕੋਈ ਭੂਮਿਕਾ ਨਿਭਾਏਗਾ ਤਾਂ ਉਨ੍ਹਾਂ ਕਿਹਾ: ਜੇ ਅਸੀਂ ਭੂਮਿਕਾ ਨਿਭਾ ਸਕਦੇ ਹਾਂ ਤਾਂ ਅਸੀਂ ਇਸ ਲਈ ਤਿਆਰ ਹਾਂ। ਉਨ੍ਹਾਂ ਨਾਲ ਹੀ ਕਿਹਾ ਕਿ ਯੂਕਰੇਨ ਵਿੱਚ ਫਸੇ ਹੋਏ ਭਾਰਤੀ ਵਿਦਿਆਰਥੀਆਂ ਤੇ ਹੋਰ ਭਾਰਤੀ ਨਾਗਰਿਕਾਂ ਨੂੰ ਕੱਢਣ ਲਈ ਭਾਰਤ ਸਰਕਾਰ ਸਾਰਾ ਜ਼ੋਰ ਲਾ ਰਹੀ ਹੈ ਅਤੇ ਸਿੱਟੇ ਸਾਹਮਣੇ ਆ ਰਹੇ ਹਨ।

# ਯੂਕਰੇਨ ਵਿੱਚ ਫਸੇ ਵਿਦਿਆਰਥੀਆਂ ਉੱਤੇ ਯੂਕਰੇਨੀ ਸੁਰੱਖਿਆ ਫੋਰਸਾਂ ਵੱਲੋਂ ਤਸ਼ੱਦਦ

ਚੰਡੀਗੜ੍ਹ, 28 ਫਰਵਰੀ, (ਪੋਸਟ ਬਿਊਰੋ)-ਯੂਕਰੇਨ ਤੋਂ ਆਈ ਪਰੇਸ਼ਾਨ ਕਰਨ ਵਾਲੀ ਵੀਡੀਓ ਵਿੱਚ ਵਿਦਿਆਰਥੀਆਂ ਉੱਤੇ ਤਸ਼ੱਦਦ ਕੀਤਾ ਜਾ ਰਿਹਾ ਹੈ। ਇਹ ਵੀਡੀਓ ਖੁਦ ਵਿਦਿਆਰਥੀਆਂ ਨੇ ਬਣਾਈ ਹੈ, ਜਿਸ ਵਿੱਚ ਵਿਦਿਆਰਥੀ ਪੋਲੈਂਡ ਦੀਆਂ ਸੁਰੱਖਿਆ ਫੋਰਸਾਂ ਉੱਤੇ ਕੁੱਟਮਾਰ ਕਰਨ ਦੇ ਦੋਸ਼ ਲਾ ਰਹੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਪੋਲੈਂਡ ਸੁਰੱਖਿਆ ਫੋਰਸਾਂ ਦੇ ਅਧਿਕਾਰੀ ਉਨ੍ਹਾਂ ਨੂੰ ਵਾਪਿਸ ਜਾਣ ਲਈ ਕਹਿ ਰਹੇ ਹਨ। ਵਿਦਿਆਰਥੀਆਂ ਨੇ ਭਾਰਤ ਸਰਕਾਰ ਤੋਂ ਮੱਦਦ ਦੀ ਗੁਹਾਰ ਲਾਈ ਤੇ ਉਨ੍ਹਾਂ ਨੂੰ ਛੇਤੀ ਵਾਪਸ ਲਿਜਾਣ ਦੇ ਲਈ ਅਪੀਲ ਕੀਤੀ ਹੈ।



ਵਰਨਣ ਯੋਗ ਹੈ ਕਿ ਯੂਕਰੇਨ ਵਿੱਚ ਫਸੇ ਹੋਏ ਭਾਰਤੀ ਵਿਦਿਆਰਥੀ ਬੇਹੱਦ ਮਾੜੀ ਹਾਲਤ ਵਿੱਚ ਦਿਨ ਕੱਟ ਰਹੇ ਹਨ। ਪਟਿਆਲਾ ਨਾਲ ਸਬੰਧਤ ਵਿਦਿਆਰਥੀਆਂ ਨੇ ਇੱਕ ਵੀਡੀਓ ਭੇਜ ਕੇ ਪੋਲੈਂਡ ਦੇ ਫੌਜੀਆਂਵੱਲੋਂ ਆਪਣੇ ਨਾਲ ਕੀਤੇ ਜ਼ੁਲਮ ਬਾਰੇ ਦੱਸਿਆ ਹੈ ਕਿ ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆਅਤੇ ਵਾਪਸ ਜਾਣ ਨੂੰ ਕਿਹਾ ਗਿਆ ਹੈ, ਜਦਕਿ ਉਹ 50 ਕਿਲੋਮੀਟਰ ਪੈਦਲ ਸਫਰ ਕਰਕੇ ਏਥੇ ਪਹੁੰਚੇ ਹਨ। ਉਨ੍ਹਾਂ ਨੇ ਭਾਰਤ ਸਰਕਾਰ ਨੂੰ ਵਾਪਸ ਲਿਜਾਣ ਦੀ ਅਪੀਲ ਕੀਤੀ ਹੈ। ਹਜ਼ਾਰਾਂ ਵਿਦਿਆਰਥੀ ਬੰਕਰਾਂ, ਬੈਸਮੈਂਟਾਂ ਜਾਂ ਹੋਰ ਥਾਂਵਾਂ ਉੱਤੇ ਲੁਕ ਕੇ ਜੰਗ ਮੁੱਕਣ ਦੀ ਉਡੀਕ ਕਰ ਰਹੇ ਹਨ।

ਰੂਸ-ਯੂਕਰੇਨ ਜੰਗ ਦੀ ਚਿੰਤਾ ਇਨ੍ਹਾਂ ਵਿਦਿਆਰਥੀਆਂ ਦੇ ਭਾਰਤ ਬੈਠੇ ਮਾਪਿਆਂ ਨੂੰ ਵੀ ਹੈਅਤੇਵਿਦਿਆਰਥੀਆਂ ਵੱਲੋਂ ਮਦਦ ਦੀ ਮੰਗ ਕਰਦੇ ਵੀਡੀਉ ਵੀ ਉਨ੍ਹਾਂ ਦੀ ਚਿੰਤਾ ਵਧਾ ਰਹੇ ਹਨ। ਇਸ ਮੌਕੇ ਭਾਰਤ ਸਰਕਾਰ ਨੇ ਯੂਕਰੇਨਵਿੱਚ ਫਸੇ ਵਿਦਿਆਰਥੀਆਂ ਨੂੰ ਵਾਪਸ ਲਿਆਉਣ ਲਈ 'ਆਪ੍ਰੇਸ਼ਨ ਗੰਗਾ' ਚਲਾਇਆ ਤੇ ਸੈਂਕੜੇ ਵਿਦਿਆਰਥੀ ਏਥੇਲਿਆਂਦੇ ਹਨ।ਇਸ ਅਪਰੇਸ਼ਨ ਤਹਿਤ ਯੂਕਰੇਨ ਵਿੱਚ ਫਸੇ 249 ਭਾਰਤੀਆਂ ਨਾਲ ਪੰਜਵਾਂ ਵਿਸ਼ੇਸ਼ ਜਹਾਜ਼ ਅੱਜ ਸ਼ਾਮ ਦਿੱਲੀ ਪਹੁੰਚਿਆ ਹੈ ਅਤੇ ਅੱਜ ਤੱਕ ਕਰੀਬ 1400 ਵਿਦਿਆਰਥੀਆਂ ਨੂੰ ਲਿਆਂਦਾ ਜਾ ਚੁੱਕਾ ਹੈ।

# ਰਾਮ ਰਹੀਮ ਦੀ 21 ਦਿਨਾਂ ਦੀ ਫਰਲੋ ਖ਼ਤਮ, ਦੋਬਾਰਾ ਸੋਨਾਰੀਆ ਜੇਲ੍ਹ ਵਿੱਚ ਪੁੱਜਾ

ਰੋਹਤਕ, 28 ਫਰਵਰੀ, (ਪੋਸਟ ਬਿਊਰੋ)-ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਰਾਮ ਰਹੀਮ ਸਿੰਘ ਨੂੰ ਮਿਲੀ 21 ਦਿਨਾਂ ਦੀ ਫਰਲੋ ਖ਼ਤਮ ਹੋਣ ਤੋਂ ਬਾਅਦ ਅੱਜ ਸੋਮਵਾਰ ਉਹ ਸੋਨਾਰੀਆ ਜੇਲ੍ਹ ਵਿੱਚ ਵਾਪਸ ਪਹੁੰਚ ਗਿਆ ਹੈ।



ਮਿਲੀ ਜਾਣਕਾਰੀ ਅਨੁਸਾਰ ਅੱਜ ਏਥੇ ਰਾਮ ਰਹੀਮ ਦੇ ਜੇਲ੍ਹ ਪਹੁੰਚਣ ਦੇ ਪਹਿਲਾਂਸੁਰੱਖਿਆ ਵਧਾ ਦਿੱਤੀ ਗਈ ਤੇ ਨੇੜੇ-ਤੇੜੇ ਦੇ ਖੇਤਰ ਵਿੱਚ ਘੇਰਾਬੰਦੀ ਕਰ ਦਿੱਤੀ ਗਈ। ਫਰਲੋ ਖ਼ਤਮ ਹੋਣ ਪਿੱਛੋਂ ਰਾਮ ਰਹੀਮ ਸੋਮਵਾਰ ਨੂੰ ਕਰੀਬ 11 ਵਜੇ ਗੁਰੂਗ੍ਰਾਮ ਵਾਲੇ ਡੇਰੇਤੋਂ ਨਿਕਲਿਆ ਤੇ ਕਰੀਬ 50 ਮਿੰਟ ਦਾ ਸਫ਼ਰ ਕਰ ਕੇ ਸੋਨਾਰੀਆ ਜੇਲ੍ਹ ਪਹੁੰਚ ਗਿਆ।ਇਸ ਵਕਤ ਉਸ ਨਾਲ 10 ਗੱਡੀਆਂ ਦਾ ਕਾਫ਼ਲਾ ਸੀ। ਜੇਲ੍ਹ ਤੇ ਨੇੜੇ-ਤੇੜੇ ਦੇ ਇਲਾਕਿਆਂ ਵਿੱਚਸੁਰੱਖਿਆ ਦੇ ਲਈ 100 ਤੋਂ ਵੱਧ ਪੁਲਸ ਮੁਲਾਜ਼ਮਾਂ ਨੂੰ ਲਾਇਆ ਗਿਆ ਅਤੇ ਚੌਕਸੀ ਬਹੁਤ ਵਧਾ ਦਿੱਤੀ ਗਈ ਸੀ।

ਵਰਨਣ ਯੋਗ ਹੈ ਕਿ ਰਾਮ ਰਹੀਮ ਨੂੰ ਬੀਤੀ 7 ਫਰਵਰੀ ਨੂੰ ਫਰਲੋ ਦਿੱਤੀ ਗਈ ਸੀ। ਪੰਜਾਬ ਚੋਣਾਂ ਤੋਂ ਪਹਿਲਾਂ 21 ਦਿਨ ਦੀ ਫਰਲੋ ਉੱਤੇ ਬਾਹਰ ਆਏਰਾਮ ਰਹੀਮ ਬਾਰੇ ਕਈ ਚਰਚੇ ਚੱਲੇ ਅਤੇ ਵਿਰੋਧੀ ਧਿਰ ਨੇ ਕਈ ਸਵਾਲ ਖੜੇ ਕਰਨ ਦੇ ਨਾਲ ਹਰਿਆਣਾ ਸਰਕਾਰ ਉੱਤੇ ਕੈਦੀ ਨੂੰ ਚੋਣਾਂ ਲਈ ਵਰਤਣ ਦੇ ਦੋਸ਼ ਲਾਏ ਸਨ। ਸਿਰਸਾ ਵਾਲੇ ਆਪਣੇ ਡੇਰੇ ਵਿੱਚ ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ ਵਿੱਚ ਰਾਮ ਰਹੀਮ ਨੂੰ ਪੰਚਕੂਲਾ ਦੀ ਵਿਸ਼ੇਸ਼ ਸੀ ਬੀ ਆਈ ਅਦਾਲਤ ਨੇ ਅਗਸਤ 2017 ਵਿੱਚ ਦੋਸ਼ੀ ਕਰਾਰ ਦਿੱਤਾ ਸੀ। ਇਸ ਤੋਂ ਇਲਾਵਾ ਰਾਮ ਰਹੀਮ ਨੂੰ ਇਸ ਡੇਰੇ ਦੇ ਸਾਬਕਾ ਮੈਨੇਜਰ ਰਣਜੀਤ ਸਿੰਘ ਦੇ ਕਤਲ ਕੇਸ ਵਿੱਚ ਵੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

# ਬਦ-ਜ਼ਬਾਨੀ ਦਾ ਮਾਮਲਾ: ਸੋਨੀਆ ਗਾਂਧੀ, ਰਾਹੁਲ ਤੇ ਪ੍ਰਿਯੰਕਾ ਗਾਂਧੀ ਸਣੇ ਕਈ ਆਗੂਆਂ ਨੂੰ ਹਾਈਕੋਰਟ ਦਾ ਨੋਟਿਸ ਜਾਰੀ

### * ਭਾਜਪਾ ਆਗੂ ਵੀ ਨੋਟਿਸ ਦੀ ਮਾਰ ਹੇਠ ਆਏ

ਨਵੀਂ ਦਿੱਲੀ, 28 ਫਰਵਰੀ, (ਪੋਸਟ ਬਿਊਰੋ)-ਦਿੱਲੀ ਹਾਈ ਕੋਰਟ ਨੇ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਤੇ ਉਸ ਦੇ ਨਾਲ ਸਾਬਕਾ ਪ੍ਰਧਾਨ ਰਾਹੁਲ ਗਾਂਧੀ, ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਵਾਡਰਾ, ਦਿੱਲੀ ਦੇ ਡਿਪਟੀ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਭਾਜਪਾ ਨੇਤਾ ਅਨੁਰਾਗ ਠਾਕੁਰ ਸਮੇਤ ਕਈ ਨੇਤਾਵਾਂ ਨੂੰ ਨੋਟਿਸ ਜਾਰੀ ਕੀਤਾ ਹੈ।



ਇਨ੍ਹਾਂ ਸਾਰੇ ਨੇਤਾਵਾਂ ਉੱਤੇ ਦੋਸ਼ ਹੈ ਕਿ ਇਨ੍ਹਾਂ ਦੇ ਨਫਰਤ ਭਰੇ ਭਾਸ਼ਣਾਂ ਨਾਲ ਫਰਵਰੀ 2020 ਵਿੱਚ ਦਿੱਲੀ ਵਿੱਚ ਹਿੰਸਾ ਭੜਕੀ ਸੀ। ਪਟੀਸ਼ਨ ਵਿੱਚ ਇਨ੍ਹਾਂ ਆਗੂਆਂਉੱਤੇ ਸ਼ਿਕਾਇਤ ਦਰਜ ਕਰਕੇ ਇਨ੍ਹਾਂ ਖਿਲਾਫ ਜਾਂਚ ਕਰਨ ਦੇ ਲਈ ਧਿਰ ਬਣਾਉਣ ਦੀ ਮੰਗ ਕੀਤੀ ਗਈ ਹੈ। ਜਸਟਿਸ ਸਿਧਾਰਥ ਮ੍ਰਿਦੁਲ ਤੇ ਜਸਟਿਸ ਅਨੂਪ ਕੁਮਾਰ ਮਹਿੰਦੀਰੱਤਾ ਦੀ ਬੈਂਚ ਨੇ 2020 ਵਿੱਚ ਉੱਤਰ ਪੂਰਬੀ ਦਿੱਲੀਵਿੱਚ ਹੋਏ ਦੰਗਿਆਂ ਨਾਲ ਸਬੰਧਤ ਕਈ ਪਟੀਸ਼ਨਾਂ ਦੀ ਸੁਣਵਾਈ ਦੌਰਾਨ ਇਨ੍ਹਾਂ ਸਾਰੇ ਆਗੂਆਂ ਨੂੰ ਨੋਟਿਸ ਜਾਰੀ ਕੀਤੇ ਹਨ, ਜਿਨ੍ਹਾਂ ਵਿਰੁੱਧ ਪਟੀਸ਼ਨ ਦਾਇਰ ਕੀਤੀ ਗਈ ਹੈ।

ਸ਼ੇਖ ਮੁਜਤਬਾ ਫ਼ਾਰੂਕ ਨਾਂਅ ਦੇ ਵਿਅਕਤੀ ਵੱਲੋਂ ਦਾਇਰ ਕੀਤੀ ਪਟੀਸ਼ਨ ਵਿੱਚ ਭਾਜਪਾ ਨੇਤਾ ਅਨੁਰਾਗ ਠਾਕੁਰ, ਕਪਿਲ ਮਿਸ਼ਰਾ, ਪ੍ਰਵੇਸ਼ ਵਰਮਾ ਤੇ ਅਭੈ ਵਰਮਾ ਵਿਰੁੱਧ ਨਫ਼ਰਤ ਭਰੇ ਭਾਸ਼ਣ ਦੇਣ ਦੀ ਸ਼ਿਕਾਇਤ ਦਰਜ ਕਰਨ ਦੀ ਮੰਗ ਕੀਤੀ ਗਈ ਹੈ। ਦੂਸਰੀ ਅਰਜ਼ੀ 'ਵਕੀਲ ਦੀ ਆਵਾਜ਼' ਵੱਲੋਂ ਹੈ, ਜਿਸ ਵਿਚ ਕਾਂਗਰਸ ਨੇਤਾਵਾਂ ਸੋਨੀਆ ਗਾਂਧੀ, ਰਾਹੁਲ ਤੇ ਪ੍ਰਿਅੰਕਾ ਗਾਂਧੀ ਦੇ ਨਾਲ ਦਿੱਲੀ ਦੇ ਡਿਪਟੀਮੁੱਖ ਮੰਤਰੀ ਮਨੀਸ਼ ਸਿਸੋਦੀਆ, ਆਮ ਆਦਮੀ ਪਾਰਟੀ ਦੇ ਵਿਧਾਇਕ ਅਮਾਨਤੁੱਲਾ ਖਾਨ ਤੇਆਲ ਇੰਡੀਆ ਇਤਹਾਦੁਲ ਮੁਸਲਮੀਨ ਪਾਰਟੀ ਦੇ ਅਕਬਰੂਦੀਨ ਓਵੈਸੀ, ਇਸ ਪਾਰਟੀ ਦੇ ਇੱਕ ਸਾਬਕਾ ਵਿਧਾਇਕ ਵਾਰਿਸ ਪਠਾਨ, ਮਹਿਮੂਦ ਪ੍ਰਾਚਾ, ਹਰਸ਼ ਮੰਡੇਰ, ਮੁਫਤੀ ਮੁਹੰਮਦ ਇਸਮਾਈਲ, ਸਵਰਾ ਭਾਸਕਰ, ਉਮਰ ਖਾਲਿਦ, ਬੀਜੀ ਕੋਲਸੇ ਪਾਟਿਲ ਅਤੇ ਹੋਰ ਨਫਰਤ ਭਰੇ ਭਾਸ਼ਣ ਦੇਣ ਲਈ ਦੋਸ਼ੀ ਕਿਹਾ ਗਿਆ ਹੈ। ਅਦਾਲਤ ਨੇ ਕਿਹਾ ਕਿ ਕਿਸੇ ਨੂੰ ਧਿਰ ਬਣਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਮੌਕਾ ਦੇਣਾ ਹੋਵੇਗਾ। ਜੇ ਉਹ ਇਸ ਦਾ ਵਿਰੋਧ ਕਰਦੇ ਹਨ ਤਾਂ ਅਸੀਂ ਧਿਰ ਨਹੀਂ ਬਣਾ ਸਕਦੇ।ਖਾਸ ਗੱਲ ਇਹ ਹੈ ਕਿ ਪੁਲਿਸ ਨੇ ਆਪਣੇ ਐਫੀਡੇਵਿਟਵਿੱਚ ਕਿਹਾ ਸੀ ਕਿ ਦੰਗਿਆਂ ਦੀ ਜਾਂਚ ਵਿੱਚ ਹਾਲੇ ਤੱਕ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਕਿ ਇਹ ਹਿੰਸਾ ਸਿਆਸੀ ਨੇਤਾਵਾਂ ਨੇ ਭੜਕਾਈ ਸੀ ਜਾਂ ਉਹ ਸ਼ਾਮਲ ਸਨ।ਇਸ ਕੇਸ ਦੀ ਅਗਲੀ ਸੁਣਵਾਈ 22 ਮਾਰਚ ਨੂੰ ਹੋਵੇਗੀ।

# ਗੱਦੀ ਝਗੜੇ ਕਾਰਨ ਡੇਰਾ ਭਾਈ ਬਾਗ਼ ਅਕਲੀਆ ਵਿੱਚ ਤਣਾਅ ਵਧਿਆ

ਜੋਗਾ, 28 ਫਰਵਰੀ (ਪੋਸਟ ਬਿਊਰੋ)- ਡੇਰਾ ਭਾਈ ਬਾਗ ਵਾਲਾ ਅਕਲੀਆ ਦੀ ਗੱਦੀ ਲਈ ਮੁੱਖ ਮਹੰਤ ਗੰਗਾ ਰਾਮ ਅਤੇ ਇਨਸਾਫ ਦਿਵਾਓ ਸੰਘਰਸ਼ ਕਮੇਟੀ ਅਕਲੀਆ ਦੋਵਾਂ ਧਿਰਾਂ ਵਿਚਾਲੇ ਤਣਾਅ ਕਾਰਨ ਜ਼ਿਲ੍ਹਾ ਪ੍ਰਸ਼ਾਸਨ ਨੇ ਡੇਰੇ ਨੂੰ ਪੁਲਸ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਹੈ। ਡੇਰੇ ਅੰਦਰ ਆਉਣ ਜਾਣ ਵਾਲੇ ਲੋਕਾਂ ਉਪਰ ਅੱਖ ਰੱਖੀ ਜਾਂਦੀ ਹੈ।

ਇਸ ਐਤਵਾਰ ਜਦੋਂ ਡੇਰਾ ਭਾਈ ਬਾਗ ਵਾਲਾ ਵਿੱਚ ਗਏ ਪੱਤਰਕਾਰਾਂ ਨੂੰ ਦੱਸਿਆ ਗਿਆ ਕਿ ਮੁੱਖ ਮਹੰਤ ਗੰਗਾ ਰਾਮ ਪਿਛਲੇ ਕਈ ਸਾਲਾਂ ਤੋਂ ਇਸੇ ਡੇਰੇ ਵਿੱਚ ਰਹਿ ਰਹੇ ਹਨ।ਇਨਸਾਫ ਦਿਵਾਓ ਸੰਘਰਸ਼ ਕਮੇਟੀ ਅਕਲੀਆ ਦੇ ਆਗੂ ਸਰਪੰਚ ਸੁਖਵੀਰ ਕੌਰ ਖਾਲਸਾ ਅਤੇ ਹੋਰਨਾਂ ਦਾ ਕਹਿਣਾ ਹੈ ਕਿ ਡੇਰੇ ਦੇ ਮੁਖੀ ਗੰਗਾ ਰਾਮ ਨੇ ਡੇਰਾ ਭਾਈ ਬਾਗ ਵਾਲਾ ਨੂੰ ਗਲਤ ਲੋਕਾਂ ਦਾ ਅੱਡਾ ਬਣਾ ਦਿੱਤਾ ਹੈ। ਦੂਜੇ ਪਾਸੇ ਜ਼ਿਲ੍ਹਾ ਪ੍ਰਸ਼ਾਸਨ ਨੇ ਥਾਣਾ ਜੋਗਾ ਵਿੱਚ ਦੋਵੇਂ ਧਿਰਾਂ ਡੇਰਾ ਮੁਖੀ ਗੰਗਾ ਰਾਮ ਅਤੇ ਇਨਸਾਫ ਦਿਵਾਓ ਸੰਘਰਸ਼ ਕਮੇਟੀ ਅਕਲੀਆ ਨੂੰ ਬੁਲਾ ਕੇ ਮੀਟਿੰਗ ਕੀਤੀ ਹੈ।

# ਡੱਬਵਾਲੀ ਦੇ ਹਰਜੀਤ ਨੇ ਫੀਸ ਲਈ ਰੱਖੇ ਪੈਸਿਆਂ ਦਾ ਲੰਗਰ ਲਾਇਆ

ਡੱਬਵਾਲੀ, 28 ਫਰਵਰੀ (ਪੋਸਟ ਬਿਊਰੋ)- ਇਸ ਕਸਬੇ ਦੇ ਨੌਜਵਾਨ ਹਰਜੀਤ ਸਿੰਘ ਨੇ ਯੂਕਰੇਨ ਵਿੱਚ ਘਿਰੇ ਹੋਏ ਲੋਕਾਂ ਲਈ ਬੰਕਰਾਂ ਅਤੇ ਰੇਲ ਗੱਡੀਆਂ ਵਿੱਚ ਲੰਗਰ ਲਾ ਦਿੱਤਾ ਹੈ। ਕਾਲਜ ਅਤੇ ਹੋਸਟਲ ਦੀ ਫੀਸ ਲਈ ਰੱਖੇ ਪੈਸਿਆਂ ਨਾਲ ਉਹ ਲੰਗਰ ਦੀ ਸੇਵਾ ਕਰ ਰਿਹਾ ਹੈ। ਲੋਕਾਂ ਤਕ ਲੰਗਰ ਪੁਚਾਉਣ ਲਈ ਉਸ ਦੇ ਲਗਭਗ ਵੀਹ ਦੋਸਤ ਮਦਦ ਕਰ ਰਹੇ ਹਨ। ਸੋਸ਼ਲ ਮੀਡੀਆ ਉੱਤੇ ਉਸ ਦੀ ਲੰਗਰ ਵਰਤਾਉਂਦੇ ਦੀ ਵੀਡੀਓ ਵਾਇਰਲ ਹੋਣ ਮਗਰੋਂ ਇੱਕ ਸਿੱਖ ਸੰਸਥਾ ਨੇ ਉਸ ਨੂੰ ਮਦਦ ਦੇਣ ਦਾ ਭਰੋਸਾ ਦਿੱਤਾ ਹੈ, ਜਿਸ ਨਾਲ ਉਹ ਹੋਰ ਵੀ ਕੰਮ ਕਰ ਸਕੇਗਾ। ਡੱਬਵਾਲੀ ਦੇ ਪਿੰਡ ਸਕਤਾਖੇੜਾ ਦਾ ਵਸਨੀਕ ਹਰਜੀਤ ਸਿੰਘ ਖਾਰਕੀਵ ਵਿੱਚ ਇਲੈਕਟ੍ਰਾਨਿਕ ਦੀ ਪੜ੍ਹਾਈ ਕਰ ਰਿਹਾ ਹੈ। ਉਸ ਨੇ ਫੋਨ ਉੱਤੇ ਗੱਲਬਾਤ ਦੌਰਾਨ ਦੱਸਿਆ ਕਿ ਹੋਸਟਲ ਵਿੱਚ ਲੰਗਰ ਬਣਾਉਣ ਦੇ ਬਹੁਤੇ ਵਸੀਲੇ ਨਾ ਹੋਣ ਕਰ ਕੇ ਉਸ ਨੇ ਲੰਗਰ ਦੀ ਜਗ੍ਹਾ ਭਾਰਤੀ ਵਿਦਿਆਰਥੀਆਂ ਨੂੰ ਦੇਸ਼ ਭੇਜਣ ਦੀ ਸੇਵਾ ਸ਼ੁਰੂ ਕੀਤੀ ਹੈ। ਇਸ ਮੁਹਿੰਮ ਤਹਿਤ ਉਹ ਖਾਰਕੀਵ ਤੋਂ 1400-1500 ਕਿਲੋਮੀਟਰ ਦੂਰ ਆ ਗਿਆ ਹੈ ਅਤੇ ਭਾਰਤੀ ਅੰਬੈਸੀਨਾਲ ਮਿਲ ਕੇ ਵਿਦਿਆਰਥੀਆਂ ਦੇ ਕਾਗਜ਼ ਪੂਰੇ ਕਰਵਾ ਰਿਹਾ ਹੈ। ਉਸ ਦਾ ਮੁੱਖ ਟੀਚਾ ਭਾਰਤੀ ਵਿਦਿਆਰਥੀਆਂ ਨੂੰ ਸੁਰੱਖਿਅਤ ਦੇਸ਼ ਭੇਜਣਾ ਹੈ। ਉਸ ਨੇ ਕਿਹਾ, ''ਤੁਸੀਂ ਮਾਂ ਨੂੰ ਨਾ ਦੱਸਿਓ ਕਿ ਮੈਂ ਕਾਲਜ ਤੋਂ ਸੈਂਕੜੇ ਮੀਲ ਦੂਰ ਡਟਿਆ ਹੋਇਆ ਹਾਂ। ਉਹ ਫਿਕਰ ਕਰੇਗੀ।''

ਜੰਗੀ ਹਾਲਾਤ ਵਿੱਚ ਕੀਤੀ ਜਾ ਰਹੀ ਸੇਵਾ ਦੀ ਵੀਡੀਓ ਵਾਇਰਲ ਹੋਣ ਮਗਰੋਂ ਪੂਰੇ ਦੇਸ਼ ਵਿੱਚ ਉਸ ਦੀ ਸ਼ਲਾਘਾ ਹੋ ਰਹੀ ਹੈ। ਖਾਲਸਾ ਏਡ ਨੇ ਸੋਸ਼ਲ ਮੀਡੀਆ ਉੱਤੇ ਉਸ ਦੀ ਸ਼ਲਾਘਾ ਕਰਦਿਆਂ ਲਿਖਿਆ, ''ਯੂਕਰੇਨ ਰੇਲ ਗੱਡੀ ਵਿੱਚ ਗੁਰੂ ਕਾ ਲੰਗਰ। ਯੂਕਰੇਨ ਦੇ ਪੂਰਬ ਤੋਂ ਪੱਛਮ ਵੱਲ ਜਾਂਦੀ ਟਰੇਨ ਉੱਤੇ ਸਫਰ ਕਰ ਰਹੇ ਲੋਕ ਕਿੰਨੇ ਖੁਸ਼ਕਿਸਮਤ ਹਨ। ਹਰਦੀਪ ਸਿੰਘ ਵੱਖ-ਵੱਖ ਦੇਸ਼ਾਂ ਤੋਂ ਆਏ ਵਿਦਿਆਰਥੀਆਂ ਨੂੰ ਲੰਗਰ ਅਤੇ ਹੋਰ ਸਹਾਇਤਾ ਦੇ ਰਿਹਾ ਹੈ। ਰੂਸੀ ਫੌਜ ਦੇ ਯੂਕਰੇਨ ਵਿੱਚ ਦਾਖਲ ਹੋਣ ਪਿੱਛੋਂ ਉਹ ਖਾਲਸਾ ਏਡ ਦੇ ਸੰਪਰਕ ਵਿੱਚ ਹੈ। ਕਿੰਨਾ ਚੰਗਾ ਨੌਜਵਾਨ ਹੈ। ''

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich Sajandeep Singh |

Punjabi Post is a daily newspaper, published *Monday to Friday.* Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਖਰਾਬ ਬੀਜ ਵੇਚਣ ਵਾਲੇ ਗਿਰੋਹ ਦਾ ਪਰਦਾ ਫਾਸ਼

ਸ਼ਾਹਕੋਟ, 28 ਫਰਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਸ਼ਹਿਰ ਇੰਦੌਰ ਤੋਂ ਖਰਾਬ ਆਲੂਆਂ ਦੀ ਗੋਲੀ (ਬੀਜ) ਲਿਆ ਕੇ ਆਲੂ ਸਟੋਰਾਂ ਵਿੱਚ ਜਮ੍ਹਾਂ ਕਰਾਉਣ ਪਿੱਛੋਂ ਇਸ ਉਪਰ ਪੰਜਾਬ ਦਾ ਮਾਰਕਾ ਲਾ ਕੇ ਪੱਛਮੀਬੰਗਾਲ ਅਤੇ ਹੋਰਨਾਂ ਰਾਜਾਂ ਦੇਆਲੂ ਉਤਪਾਦਕਾਂ ਨੂੰ ਮਹਿੰਗੇ ਭਾਅਵੇਚਣ ਵਾਲੇ ਗਿਰੋਹ ਦਾ ਪਰਦਾ ਫਾਸ਼ ਕੀਤਾ ਗਿਆ ਹੈ।

ਆਲੂ ਉਤਪਾਦਕਾਂ ਦੀਆਂ ਪੰਜ ਜਥੇਬੰਦੀਆਂ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਸ਼ਾਹਕੋਟ ਅਤੇ ਨਕੋਦਰ ਦੇ ਕਈ ਆਲੂ ਸਟੋਰਾਂ ਉੱਤੇ ਛਾਪੇ ਮਾਰ ਕੇ ਆਲੂਆਂ ਦੇ ਬੀਜ ਦੀਆਂ ਕਰੀਬ 6200 ਖਰਾਬ ਬੋਰੀਆਂ ਬਰਾਮਦ ਕੀਤੀਆਂ ਹਨ। ਯੂਨੀਅਨਾਂ ਨੇ ਇਹ ਮਾਮਲਾ ਡੀ ਸੀ ਜਲੰਧਰ ਦੇ ਧਿਆਨ ਵਿੱਚ ਲਿਆਂਦਾ ਤਾਂ ਉਨ੍ਹਾਂ ਨੇ ਐਸ ਡੀ ਐਮਜ਼ ਦੀ ਦੇਖ-ਰੇਖ ਹੇਠ ਸਿਵਲ ਪ੍ਰਸ਼ਾਸਨ, ਖੇਤੀਬਾੜੀ ਅਤੇ ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਦੀਆਂ ਸਾਂਝੀਆਂ ਟੀਮਾਂ ਬਣਾ ਕੇ ਆਲੂ ਸਟੋਰਾਂ ਦੀ ਵਿਸ਼ੇਸ਼ ਚੈਕਿੰਗ ਕਰਨ ਦੇ ਹੁਕਮ ਜਾਰੀ ਕੀਤੇ। ਪੇਸਕੋਨ ਤੇ ਪੋਟੈਟੋ ਗਰੋਅਰਜ਼ ਐਸੋਸੀਏਸ਼ਨ ਆਗੂਆਂ ਨੇ ਕਿਹਾ ਕਿ ਮੱਧ ਪ੍ਰਦੇਸ਼ ਵਿੱਚ ਆਲੂਆਂ ਦੀ ਪੁਟਾਈ ਪਿੱਛੋਂ ਕਾਲਾਬਾਜ਼ਾਰੀ ਕਰਨ ਵਾਲੇ ਵਿਅਕਤੀ ਖਰਾਬ ਆਲੂ 100 ਰੁਪਏ ਪ੍ਰਤੀ ਬੋਰੀ ਦੇ ਹਿਸਾਬ ਨਾਲ ਖਰੀਦ ਕੇ ਪੰਜਾਬ ਦੇ ਆਲੂ ਸਟੋਰਾਂ ਵਿੱਚ ਸਟੋਰ ਕਰ ਲੈਂਦੇ ਹਨ।ਸੀਜ਼ਨ ਆਏ ਤੋਂ ਪੰਜਾਬ ਦਾ ਮਾਰਕਾ ਲਾ ਕੇ ਮੋਟੇ ਮੁਨਾਫੇ ਨਾਲ ਪੱਛਮੀ ਬੰਗਾਲ ਅਤੇ ਹੋਰ ਰਾਜਾਂ ਦੇ ਆਲੂ ਉਤਪਾਦਕਾਂ ਨੂੰ ਵੇਚ ਕੇ ਪੰਜਾਬ ਦਾ ਨਾਂਅ ਬਦਨਾਮ ਕਰਦੇ ਹਨ ਅਤੇ ਆਲੂ ਉਤਪਾਦਕਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ।

# ਬਰੈਂਪਟਨ ਵਿਚ ਸੀਨੀਅਰਜ਼ ਦੇ ਮੁਫ਼ਤ ਸਫ਼ਰ ਦੀ ਸੁਵਿਧਾ ਲਈ ਐਸੋਸੀਸੀਏਸ਼ਨ ਆਫ਼ ਸੀਨੀਅਰਜ਼ ਵੱਲੋਂ ਮੇਅਰ ਪੈਟ੍ਰਿਕ ਬਰਾਊਨ ਦਾ ਕੀਤਾ ਗਿਆ ਧੰਨਵਾਦ



ਬਰੈਂਪਟਨ, (ਡਾ. ਝੰਡ) -ਬਰੈਂਪਟਨ ਸਿਟੀ ਵੱਲੋਂ ਆਪਣੇ ਸੀਨੀਅਰਜ਼ ਨੂੰ 28 ਫ਼ਰਵਰੀ 2022 ਤੋਂ ਬਰੈਂਪਟਨ ਟ੍ਰਾਂਜ਼ਿਟ ਦੀਆਂ ਬੱਸਾਂ ਵਿਚ ਮੁਫ਼ਤ ਸਫ਼ਰ ਕਰਨ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਨੂੰ ਹੁਣ ਇਨ੍ਹਾਂ ਬੱਸਾਂ ਵਿਚ ਚੜ੍ਹਨ ਲਈ ਮਹੀਨੇ ਲਈ 15 ਡਾਲਰ ਦਾ ਪਾਸ ਬਣਵਾਉਣ ਜਾਂ ਮਸ਼ੀਨ ਵਿਚ ਇਕ ਡਾਲਰ ਦਾ ਸਿੱਕਾ ਪਾਉਣ ਦੀ ਜ਼ਰੂਰਤ ਨਹੀਂ ਪਵੇਗੀ।

ਇਸ ਦੇ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਬਰੈਂਪਟਨ ਦੀ ਕਾਰਜਕਾਰਨੀ ਦੇ ਸੀਨੀਅਰ ਮੈਂਬਰ ਜੰਗੀਰ ਸਿੰਘ ਸੈਂਹਬੀ ਨੇ ਦੱਸਿਆ ਬਰੈਂਪਟਨ ਸਿਟੀ ਵੱਲੋਂ ਦਿੱਤੀ ਗਈ ਮੁਫ਼ਤ ਸਫ਼ਰ ਦੀ ਇਸ ਸਹੂਲਤ ਦਾ ਲਾਭ ਲੈਣ ਲਈ ਸੀਨੀਅਰਾਂ ਨੂੰ ਸਲਾਨਾ ਫ਼ਰੀ ਪਾਸ ਵਾਲੇ ਬਰੈਂਪਟਨ ਸੀਨੀਅਰਜ਼ ਆਈਡੈਂਟਿਟੀ ਕਾਰਡ ਬਣਵਾਉਣੇ ਹੋਣਗੇ ਅਤੇ ਇਨ੍ਹਾਂ ਨੂੰ ਹਰੇ ਰੰਗ ਵਾਲੇ ਫ਼ਰੀ ਪਰੈੱਸਟੋ ਕਾਰਡ ਨਾਲ ਆਪਣੇ ਕੋਲ ਰੱਖਣਾ ਹੋਵੇਗਾ। ਉਨ੍ਹਾਂ ਕਿਹਾ ਕਿ 28 ਫ਼ਰਵਰੀ ਤੋਂ 9 ਮਾਰਚ ਤੱਕ ਛੇ ਹਫ਼ਤਿਆਂ ਲਈ ਸੀਨੀਅਰਜ਼ ਇਕੱਲੇ ਬਰੈਂਪਟਨ ਸੀਨੀਅਰਜ਼ ਵਾਲੀ ਆਈ.ਡੀ. ਨਾਲ ਹੀ ਸਫ਼ਰ ਕਰ ਸਕਦੇ ਹਨ ਪਰ ਇਸ ਤੋਂ ਪਿੱਛੋਂ ਉਨ੍ਹਾਂ ਨੂੰ ਬਰੈਂਪਟਨ ਸੀਨੀਅਰਜ਼ ਆਈਡੈਂਟਿਟੀ ਕਾਰਡ ਦੇ ਨਾਲ ਫ਼ਰੀ ਪਰੈਸਟੋ ਕਾਰਡ ਵੀ ਆਪਣੇ ਕੋਲ ਰੱਖਣਾ ਪਵੇਗਾ। ਇਹ ਫ਼ਰੀ ਪਰੈੱਸਟੋ ਕਾਰਡ ਅਤੇ ਸੀਨੀਅਰਜ਼ ਆਈਡੈਂਟਿਟੀ ਕਾਰਡ ਬਰੈਂਪਟਨ ਟ੍ਰਾਂਜ਼ਿਟ ਦੇ ਟਰਮੀਨਲਾਂ ਤੋਂ ਬਣਵਾਏ ਜਾ ਸਕਦੇ ਹਨ ਅਤੇ ਇਸ ਦੇ ਲਈ ਟੈਂਪਰੇਰੀ ਪੌਪ-ਅੱਪ ਲੋਕੇਸ਼ਨਾਂ 'ਤੇ ਅਪੁਆਇੰਟਮੈਂਟ ਬਣਾਉਣ ਲਈ 905-874-5120 ਨੰਬਰ 'ਤੇ ਕਾਲ ਕੀਤੀ ਜਾ ਸਕਦੀ ਹੈ

ਜੰਗੀਰ ਸਿੰਘ ਸੈਂਹਬੀ ਹੋਰਾਂ ਅਨੁਸਾਰ ਇਸ ਨਾਲ ਉਨ੍ਹਾਂ ਦੀ ਐਸੋਸੀਏਸ਼ਨ ਦੀ ਇਹ ਚਿਰੋਕਣੀ ਮੰਗ ਬਰੈਂਪਟਨ ਸਿਟੀ ਵੱਲੋਂ ਪ੍ਰਵਾਨ ਕੀਤੀ ਗਈ ਹੈ ਅਤੇ ਉਹ ਇਸ ਦੇ ਲਈ ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ, ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ, ਸਿਟੀ ਕਾਂਊਸਲਰ ਹਰਕੀਰਤ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਦੇ ਅਤੀ ਧੰਨਵਾਦੀ ਹਨ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਅੱਗੋਂ ਵੀ ਸਿਟੀ ਕਾਊਂਸਲ ਸੀਨੀਅਰਜ਼ ਦੀਆਂ ਯੋਗ ਮੰਗਾਂ ਵੱਲ ਏਸੇ ਤਰ੍ਹਾਂ ਧਿਆਨ ਦਿੰਦੀ ਰਹੇਗੀ। ਉਨ੍ਹਾਂ ਦੱਸਿਆ ਕਿ ਸੀਨੀਅਰਜ਼ ਦੇ ਕਿਸੇ ਵੀ ਮਸਲੇ ਲਈ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ ਦੇ ਕਾਰਜਕਾਰਨੀ ਮੈਂਬਰਾਂ ਨੂੰ ਉਨ੍ਹਾਂ ਦੇ ਸੈੱਲ-ਫ਼ੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ ਜੋ ਇਸ ਪ੍ਰਕਾਰ ਹਨ:

ਜੰਗੀਰ ਸਿੰਘ ਸੈਂਹਬੀ (416-409-0126), ਹਰਦਿਆਲ ਸਿੰਘ ਸੰਧੂ, ਕਰਤਾਰ ਸਿੰਘ ਚਾਹਲ (647-854-8746), ਨਿਰਮਲ ਸਿੰਘ ਧਾਰਨੀ (416-670-5874), ਪ੍ਰੀਤਮ ਸਿੰਘ ਸਰਾਂ (416-833-0567), ਬਲਵਿੰਦਰ ਸਿੰਘ ਬਰਾੜ (647-262-4026), ਦੇਵ ਸੂਦ।

# ਰਾਜਨੀਤੀ ਲੋਕਾਂ ਨੂੰ ਮਾਂ-ਬੋਲੀ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦੀ ਹੈ ਕਿਉਂਕਿ ਨਾਬਰੀ ਦੀ ਸੋਚ ਮਾਂ-ਬੋਲੀ ਵਿਚ ਹੀ ਅੱਗੇ ਵੱਧਦੀ ਹੈ: ਪ੍ਰੋ. ਰਾਮ ਸਿੰਘ

## * ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਅੰਤਰ-ਰਾਸ਼ਟਰੀ ਮਾਂਤ-ਭਾਸ਼ਾ ਦਿਵਸ ਨੂੰ ਸਮੱਰਪਿਤ ਜੂਮ-ਸਮਾਗ਼ਮ ਆਯੋਜਿਤ * ਇੰਗਲੈਂਡ, ਭਾਰਤ, ਪਾਕਿਸਤਾਨ ਤੇ ਕੈਨੇਡਾ ਦੇ ਕਈ ਸ਼ਹਿਰਾਂ ਤੋਂ ਵਿਦਵਾਨ ਹੋਏ ਸ਼ਾਮਲ



ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 20 ਫ਼ਰਵਰੀ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਨੂੰ ਸਮੱਰਪਿਤ ਜ਼ੂਮ-ਸਮਾਗ਼ਮ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਤੋਂ ਇਲਾਵਾ ਅਮਰੀਕਾ, ਇੰਗਲੈਂਡ, ਭਾਰਤ ਅਤੇ ਪਾਕਿਸਤਾਨ ਤੋਂ ਵਿਦਵਾਨਾਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ। ਸਭਾ ਵੱਲੋਂ ਇਸ ਜ਼ੂਮ-ਸਮਾਗ਼ਮ ਵਿਚ ਸ਼ਾਮਲ ਹੋਣ ਲਈ ਬਰੈਂਪਟਨ ਵਿਚ ਵਿਚਰ ਰਹੀਆਂ ਹੋਰ ਸਾਹਿਤ ਸਭਾਵਾਂ ਤੇ ਜੱਥੇਬੰਦੀਆਂ ਨੂੰ ਵੀ ਸੱਦਾ ਦਿੱਤਾ ਗਿਆ। ਉਨ੍ਹਾਂ ਦੇ ਨੁਮਾਇੰਦਿਆਂ ਵੱਲੋਂ ਵੀ ਇਸ ਸਮਾਗ਼ਮ ਵਿਚ ਪੰਜਾਬੀ ਮਾਂ-ਬੋਲੀ ਦੇ ਮੌਜੂਦਾ ਹਾਲਾਤ ਅਤੇ ਇਸ ਦੀ ਬੇਹਤਰੀ ਲਈ ਚੁੱਕੇ ਜਾਣ ਵਲੇ ਕਦਮਾਂ ਬਾਰੇ ਵਿਚਾਰ ਸਾਂਝੇ ਕੀਤੇ ਗਏ।

ਪ੍ਰੋਗਰਾਮ ਦੇ ਆਰੰਭ ਵਿਚ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਸਮਾਗ਼ਮ ਵਿਚ ਸ਼ਾਮਲ ਹੋਏ ਮਹਿਮਾਨਾਂ, ਵਿਦਵਾਨਾਂ ਅਤੇ ਮੈਂਬਰਾਂ ਦੇ ਰਸਮੀ ਸੁਆਗਤ ਤੋਂ ਬਾਅਦ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਨੇ ਪ੍ਰੋਗਰਾਮ ਦੀ ਰੂਪ-ਰੇਖਾ ਬਾਰੇ ਸੰਖੇਪ ਵਿਚ ਦੱਸਿਆ। ਉਪਰੰਤ, ਸਮਾਗ਼ਮ ਦੇ ਸੰਚਾਲਕ ਤਲਵਿੰਦਰ ਮੰਡ ਨੇ ਮੁੱਖ-ਬੁਲਾਰੇ ਪ੍ਰੋ. ਰਾਮ ਸਿੰਘ ਨੂੰ ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਵਸ ਬਾਰੇ ਆਪਣੇ ਵਿਚਾਰ ਪੇਸ਼ ਕਰਨ ਲਈ ਬੇਨਤੀ ਕੀਤੀ ਜਿਨ੍ਹਾਂ ਨੇ ਆਪਣਾ ਸੰਬੋਧਨ ਵਿਚ ਕਿਹਾ ਕਿ ਰਾਜਨੀਤੀ ਹਮੇਸ਼ਾ ਲੋਕਾਂ ਨੂੰ ਆਪਣੀ ਮਾਂ-ਬੋਲੀ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦੀ ਹੈ ਕਿਉਂਕਿ ਨਾਬਰੀ ਦੀ ਸੋਚ ਮਾਂ-ਬੋਲੀ ਵਿਚ ਹੀ ਵੱਧਦੀ ਹੈ। ਉਨ੍ਹਾਂ ਦੱਸਿਆ ਕਿ 1947 ਵਿਚ ਆਜ਼ਾਦੀ ਮਿਲਣ ਤੋਂ ਬਾਅਦ ਭਾਰਤ ਵਿਚ ਹਿੰਦੀ ਨੂੰ ਕੌਮੀ-ਭਾਸ਼ਾ ਅਤੇ ਅੰਗਰੇਜ਼ੀ ਨੂੰ ਸੰਪਰਕ ਭਾਸ਼ਾ ਐਲਾਨਿਆ ਗਿਆ। ਪੰਜਾਬ ਵਿਚ ਪੰਜਾਬੀ ਨੂੰ ਸਰਕਾਰੀ ਤੌਰ 'ਤੇ ਦਫ਼ਤਰੀ ਭਾਸ਼ਾ ਤਤਕਾਲੀ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਵੱਲੋਂ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਸਕੂਲੀ ਪੱਧਰ ਤੱਕ ਵਿੱਦਿਆ ਮਾਤ-ਭਾਸ਼ਾ ਵਿਚ ਹੀ ਦੇਣੀ ਚਾਹੀਦੀ ਹੈ ਅਤੇ ਇਸ ਦੇ ਲਈ ਪਾਠ-ਪੁਸਤਕਾਂ ਮਾਤ-ਭਾਸ਼ਾ ਵਿਚ ਹੋਣੀਆਂ ਚਾਹੀਦੀਆਂ ਹਨ।

'ਪੰਜਾਬੀ ਵਿਚਾਰ ਮੰਚ ਲਾਹੌਰ' ਦੇ ਅਹਿਮਦ ਰਜ਼ਾ ਨੇ 'ਬੋਲੀ ਦੀਆਂ ਲੋੜਾਂ ਤੇ ਥੋੜਾਂ' ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿ 1947 ਦੀ ਭਾਰਤ-ਪਾਕਿਸਤਾਨ ਵੰਡ ਨਾਲ ਪੰਜਾਬੀ ਬੋਲੀ ਨੂੰ ਵੱਡਾ ਧੱਕਾ ਲੱਗਾ। ਪੱਛਮੀ ਪਾਕਿਸਤਾਨ ਦੇ ਹੋਰ ਸਾਰੇ ਸੂਬਿਆਂ ਵਾਂਗ ਪੰਜਾਬ ਵਿਚ ਵੀ ਉਰਦੂ ਸੂਬੇ ਦੀ ਭਾਸ਼ਾ ਬਣਾ ਦਿੱਤੀ ਗਈ ਅਤੇ ਪੰਜਾਬੀ ਨੂੰ ਪਿੱਛੇ ਧੱਕ ਦਿੱਤਾ ਗਿਆ ਜਿਸ ਨੂੰ ਲੋੜੀਂਦਾ ਦਰਜਾ ਦਿਵਾਉਣ ਲਈ ਪੰਜਾਬੀ ਲਗਾਤਾਰ ਜੱਦੋਜਹਿਦ ਕਰ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਸੂਬੇ ਦੇ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਏਸੇ ਤਰ੍ਹਾਂ ਲਾਹੌਰ ਤੋਂ ਦੂਸਰੇ ਵਿਦਵਾਨ ਰਜ਼ਾ ਸ਼ਾਹ ਦਾ ਕਹਿਣਾ ਸੀ ਕਿ ਪਾਕਿਸਤਾਨ ਵਿਚ ਪੰਜਾਬੀ ਨੂੰ ਜਾਂਗਲੀਆਂ ਦੀ ਭਾਸ਼ਾ ਅਤੇ ਉਰਦੂ ਨੂੰ ਅਦਬੀ ਤੇ ਤਹਿਜ਼ੀਬ-ਯਾਫ਼ਤਾ ਬੋਲੀ ਸਮਝਿਆ ਜਾਂਦਾ ਹੈ। ਪੰਜਾਬੀ ਬੋਲੀ ਨੂੰ ਉੱਚਾ ਚੁੱਕਣ ਲਈ ਉੱਥੇ ਪੰਜਾਬੀਆਂ ਵੱਲੋਂ ਸਮੇਂ-ਸਮੇਂ ਮੁਜ਼ਾਹਰਿਆਂ ਵਿਚ ਆਵਾਜ਼ ਬੁਲੰਦ ਕੀਤੀ ਜਾਂਦੀ ਹੈ।'ਇੰਗਲੈਂਡ ਤੋਂ ਦਲਬੀਰ ਕੌਰ ਨੇ ਕਿਹਾ ਕਿ ਰਾਜਨੀਤੀ ਦੀ ਆਪਣੀ ਭਾਸ਼ਾ ਹੈ ਅਤੇ ਭਾਸ਼ਾਂ ਦੀ ਰਾਜਨੀਤੀ ਇਸ ਤੋਂ ਬਿਲਕੁਲ ਵੱਖਰੀ ਹੈ। ਉਨ੍ਹਾਂ ਦਾ ਕਹਿਣਾ ਸੀਕ ਨਿੱਤਾ-ਪ੍ਰਤੀ ਦੀਆਂ ਲੋੜਾਂ ਲਈ ਪੰਜਾਬੀਆਂ ਨੂੰ ਮਾਤ-ਭਾਸ਼ਾ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। ਪੰਜਾਬੀ ਦੁਨੀਆਂ ਟੀ.ਵੀ.' ਦੇ ਸੀ.ਈ.ਓ. ਹਰਜੀਤ ਸਿੰਘ ਗਿੱਲ ਨੇ ਆਫ਼ੀਸ਼ੀਅਲ ਲੈਂਗੂਏਜ ਅਤੇ ਕਮਿਊਨੀਕੇਸ਼ਨ ਲੈਂਗੂਏਜ ਸਬੰਧੀ ਨੁਕਤਾ ਉਠਾਉਂਦਿਆਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਹਿੰਦੀ ਨੂੰ ਕੌਮੀ-ਭਾਸ਼ਾ ਨਹੀ,' ਸਗੋਂ ਸੰਪਰਕ ਭਾਸ਼ਾ ਹੀ ਬਣਾਇਆ ਗਿਆ ਸੀ। ਬਰੈਂਪਟਨ ਦੀ 'ਜਗਤ ਪੰਜਾਬੀ ਸਭਾ' ਦੇ ਨੁਮਾਇੰਦੇ ਅਜਾਇਬ ਸਿੰਘ ਚੱਠਾ ਨੇ ਆਪਣੇ ਸੰਬੋਧਨ ਵਿਚ ਵਿਦਵਾਨਾਂ ਨੂੰ ਪੁਸਤਕਾਂ ਵਿਚ ਆਸਾਨ ਸ਼ਬਦਾਂ ਦੀ ਵਧੇਰੇ ਵਰਤੋਂ ਕਰਨ ਲਈ ਕਿਹਾ ਜੋ ਆਮ ਪੱਧਰ ਦੇ ਵਿਅੱਕਤੀਆਂ ਦੀ ਸਮਝ ਵਿਚ ਆ ਜਾਣ।


ਬਰੈਂਪਟਨ ਦੀ ' ਸਾਹਿਤ ਸਭਾ ਕਲਮਾਂ ਦਾ ਕਾਫ਼ਲਾ' ਦੇ ਸੰਚਾਲਕ ਕੁਲਵਿੰਦਰ ਖਹਿਰਾ ਨੇ ਪੰਜਾਬੀ ਪੁਸਤਕਾਂ ਦੇ ਪੱਧਰ ਦੀ ਗੱਲ ਕਰਦਿਆਂ ਕਿਹਾ ਕਿ ਇਨ੍ਹਾਂ ਵਿਚ ਸ਼ਬਦ-ਜੋੜਾਂ ਦੀ ਸਮਾਨਤਾ ਨਹੀਂ ਹੈ ਅਤੇ ਚੰਗੇ ਸਾਹਿਤ ਦੇ ਨਾਲ਼ ਨਾਲ਼ ਕੱਚਾ-ਪਿੱਲਾ ਸਾਹਿਤ ਵੀ ਵੱਡੀ ਮਾਤਰਾ ਵਿਚ ਛਾਪਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੌ-ਡੇਢ ਸੌ ਸਾਲ ਪਹਿਲਾਂ ਕੈਨੇਡਾ ਦੇ ਰੈਜ਼ੀਡੈਂਸ਼ਲ ਸਕੂਲਾਂ ਵਿਚ ਪੁਰਾਣੇ ਕੈਨੇਡਾ-ਵਾਸੀਆਂ ਦੇ ਬੱਚਿਆਂ ਨੂੰ ਉਨ੍ਹਾਂ ਦੀ ਮਾਤ-ਭਾਸ਼ਾ ਤੇ ਸੱਭਿਆਚਾਰ ਤੋਂ ਦੂਰ ਰੱਖਿਆ ਗਿਆ ਅਤੇ ਪੰਜਾਬ ਵਿਚ ਵੀ ਹੁਣ ਏਸੇ ਤਰ੍ਹਾਂ ਪ੍ਰਾਈਵੇਟ ਸਕੂਲਾਂ ਵਿਚ ਬੱਚਿਆਂ ਅੰਗਰੇਜ਼ੀ ਅਤੇ ਹਿੰਦੀ ਨਾਲ ਜੋੜ ਕੇ ਪੰਜਾਬੀ ਮਾਂ-ਬੋਲੀ ਤੋਂ ਦੂਰ ਕੀਤਾ ਜਾ ਰਿਹਾ ਹੈ। ਪਿਆਰਾ ਸਿੰਘ ਕੁੱਦੋਵਾਲ ਦਾ ਕਹਿਣਾ ਸੀ ਕਿ ਮਾਤ-ਭਾਸ਼ਾ ਸਿੱਖਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਸਾਡਾ ਤਾਂ 'ਸ਼ਬਦ-ਗੁਰੂ' ਹੈ ਅਤੇ ਇਸ ਨੂੰ ਪੰਜਾਬੀ ਪੜ੍ਹ ਕੇ ਹੀ ਸਮਝਿਆ ਜਾ ਸਕਦਾ ਹੈ। ਨਾਹਰ ਔਜਲਾ ਨੇ ਕਿਹਾ ਕਿ ਪੰਜਾਬ ਵਿੱਚੋਂ ਬੱਚੇ ਧੜਾ-ਧੜ ਵਿਦੇਸ਼ਾਂ ਵਿਚ ਜਾ ਰਹੇ ਹਨ' ਉਹ ਅਤੇ ਕੈਨੇਡੀਅਨ ਪੰਜਾਬੀ ਮਾਪਿਆਂ ਦੇ ਬੱਚੇ ਪੰਜਾਬੀ ਮਾਂ-ਬੋਲੀ ਤੇ ਸੱਭਿਆਚਾਰ ਤੋਂ ਦੂਰ ਹੁੰਦੇ ਜਾ ਰਹੇ ਹਨ ਅਤੇ ਇਸ ਵਰਤਾਰੇ ਨੂੰ ਠੱਲ੍ਹ ਪਾਉਣ ਦੀ ਲੋੜ ਹੈ। ਕਵਿੱਤਰੀ ਸੁਰਜੀਤ ਕੌਰ ਨੇ ਕਿਹਾ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਨਾਲ ਮਤਰੇਈ-ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ ਅਤੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਬੋਲਣ 'ਤੇ ਬੱਚਿਆਂ ਨੂੰ ਜੁਰਮਾਨਾ ਕੀਤਾ ਜਾਂਦਾ ਹੈ। ਏਸੇ ਤਰ੍ਹਾਂ ਡਾ. ਕੁਲਜੀਤ ਸਿੰਘ ਜੰਜੂਆ, ਭਾਰਤ ਤੋਂ ਮਨਵਿੰਦਰ ਸੋਨੀਆ ਤੇ ਰਵਿੰਦਰ ਕੌਰ ਭਾਟੀਆ, ਪਾਕਿਸਤਾਨ ਤੋਂ ਸਈਦਾ ਬਖ਼ਤਾਵਰ ਸ਼ਾਹ ਤੇ ਕਈ ਹੋਰਨਾਂ ਵੱਲੋਂ ਆਪਣੇ ਵਿਚਾਰ ਪੇਸ਼ ਕੀਤੇ ਗਏ। ਬੁਲਾਰਿਆਂ ਵੱਲੋਂ ਉਠਾਏ ਗਏ ਨੁਕਤਿਆਂ ਅਤੇ ਸੁਆਲਾਂ ਦੇ ਜੁਆਬ ਪ੍ਰੋ. ਰਾਮ ਸਿੰਘ ਵੱਲੋਂ ਤਸੱਲੀ-ਪੂਰਵਕ ਦੱਤੇ ਗਏ।

ਪੰਜਾਬੀ ਬੋਲੀ ਸਬੰਧੀ ਵਿਚਾਰ-ਚਰਚਾ ਕਾਫ਼ੀ ਲੰਮੀ ਹੋਣ ਕਾਰਨ ਇਸ ਦੇ ਦੂਸਰੇ ਭਾਗ ਕਵੀ-ਦਰਬਾਰ ਨੂੰ ਬੇਸ਼ਕ ਸਮਾਂ ਕੁਝ ਘੱਟ ਮਿਲਿਆ ਪਰ ਇਸ ਸੀਮਿਤ ਸਮੇਂ ਵਿਚ ਗਾਇਕ ਇਕਬਾਲ ਬਰਾੜ, ਪਾਕਿਸਤਾਨ ਤੋਂ ਨਜਮਾ ਮਹਿਮੂਦ ਨਜਮਾ, ਕੈਲਗਰੀ ਤੋਂ ਗੁਰਦੀਸ਼ ਗਰੇਵਾਲ,ਯੂ.ਕੇ. ਤੋਂ ਦਲਵੀਰ ਕੌਰ, ਭਾਰਤ ਤੇ ਕੈਨੇਡਾ ਤੋਂ ਮੰਤਾਨਾ ਮੈਨਨ, ਮਨਜੀਤ ਸੇਖੋਂ, ਹਰਜੀਤ ਬਮਰਾਹ, ਰਵਿੰਦਰ ਕੌਰ ਭਾਟੀਆ, ਕੁਲਜੀਤ ਜੰਜੂਆ, ਕੁਲਜੀਤ ਮਾਨ, ਰਮਿੰਦਰ ਵਾਲੀਆ, ਸੁਰਜੀਤ ਕੌਰ ਅਤੇ ਪਰਮਜੀਤ ਗਿੱਲ ਨੇ ਆਪਣੇ ਗੀਤਾਂ ਤੇ ਕਵਿਤਾਵਾਂ ਨਾਲ ਖ਼ੂਬ ਰੰਗ ਬੰਨ੍ਹਿਆਂ। ਸਮੇਂ ਦੀ ਘਾਟ ਕਾਰਨ ਕਈ ਆਪਣੀਆਂ ਰਚਨਾਵਾਂ ਸਾਂਝੀਆਂ ਨਾ ਕਰ ਸਕੇ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਸਮੂਹ ਬੁਲਾਰਿਆਂ ਅਤੇ ਮਹਿਮਾਨਾਂ ਦਾ ਬੜੇ ਭਾਵਪੂਰਤ ਸ਼ਬਦਾਂ ਵਿਚ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਪੰਜਾਬੀ ਬੋਲੀ ਨੂੰ ਸਮੱਰਪਿਤ ਇਸ ਤਰ੍ਹਾਂ ਦੇ ਸਮਾਗ਼ਮ ਅਕਸਰ ਆਯੋਜਿਤ ਕਰਦੀ ਰਹਿੰਦੀ ਹੈ ਅਤੇ ਇਸ ਨੂੰ ਭਵਿੱਖ ਵਿਚ ਵੀ ਅਜਿਹੇ ਸਾਰਥਿਕ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ। ਸਮਾਗ਼ਮ ਦੇ ਦੋਹਾਂ ਭਾਗਾਂ ਨੂੰ ਤਲਵਿੰਦਰ ਮੰਡ ਅਤੇ ਪਰਮਜੀਤ ਢਿੱਲੋਂ ਵੱਲੋਂ ਵਧੀਆ ਤਰਤੀਬ ਦਿੱਤੀ ਗਈ ਅਤੇ ਇਸ ਦੇ ਤਕਨੀਕੀ ਪੱਖ ਨੂੰ ਡਾ. ਜਗਮੋਹਨ ਸੰਘਾ ਵੱਲੋਂ ਬਾਖ਼ੂਬੀ ਨਿਭਾਇਆ ਗਿਆ।


# ਜ਼ਰੂਰ ਜਾਣੋ; ਗਿਆਨ ਗੰਗਾ

## ॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਸੂਰਜੀ ਊਰਜਾ ਪਲਾਂਟ ਦਾ ਉਦਘਾਟਨ

## * ਯੂਨਾਈਟਡ ਸਿੱਖ ਮਿਸ਼ਨ ਅਮਰੀਕਾ ਦਾ ਸਹਿਯੋਗ



ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਨਾਲ ਸਬੰਧਤ ਬਾਬਾ ਦੀਪ ਸਿੰਘ ਜੀ ਨਿਵਾਸ ਦੀ ਛੱਤ 'ਤੇ ਲਗਾਏ ਸੋਲਰ ਪਲਾਂਟ ਦੀ ਸ਼ੁਰੂਆਤ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ. ਹਰਜਾਪ ਸਿੰਘ ਸੁਲਤਾਨਵਿੰਡ, ਭਾਈ ਮਨਜੀਤ ਸਿੰਘ, ਭਾਈ ਅਜਾਇਬ ਸਿੰਘ ਅਭਿਆਸੀ ਅਤੇ ਹੋਰ।

ਅੰਮ੍ਰਿਤਸਰ, 28 ਫ਼ਰਵਰੀ (ਗਿਆਨ ਸਿੰਘ) ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਬਿਜਲੀ ਸਪਲਾਈ ਲਈ ਲਗਾਏ ਗਏ ਸੋਲਰ ਪਲਾਂਟ ਦਾ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਅੱਜ ਅਰਦਾਸ ਉਪਰੰਤ ਉਦਘਾਟਨ ਕੀਤਾ ਗਿਆ। ਇਸ ਸੋਲਰ ਪਲਾਂਟ ਦੀ ਸੇਵਾ ਯੂਨਾਈਟਡ ਸਿੱਖ ਮਿਸ਼ਨ ਅਮਰੀਕਾ ਵੱਲੋਂ ਕਰਵਾਈ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੋਲਰ ਪਲਾਂਟ ਦੀ ਸ਼ੁਰੂਆਤ ਮੌਕੇ ਕਿਹਾ ਕਿ ਯੂਨਾਈਟਡ ਸਿੱਖ ਮਿਸ਼ਨ ਅਮਰੀਕਾ ਦੇ ਸਹਿਯੋਗ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਇਸ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਠੱਠਾ (ਤਰਨ ਤਾਰਨ) ਵਿਖੇ ਸੋਲਰ ਪਲਾਂਟ ਲਗਾਏ ਗਏ ਹਨ। ਉਨਾਂ ਕਿਹਾ ਕਿ ਅੱਜ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਤੀਸਰੇ ਪਲਾਂਟ ਦੀ ਸ਼ੁਰੂਆਤ ਕੀਤੀ ਗਈ ਹੈ, ਜੋ 78 ਕਿਲੋਵਾਟ ਦੀ ਸਮਰੱਥਾ ਨਾਲ ਕਾਰਜ ਕਰੇਗਾ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸੇ ਤਰਾਂ ਗੁਰਦੁਆਰਾ ਗੁਰੂਸਰ ਸਤਲਾਣੀ ਸਾਹਿਬ ਵਿਖੇ ਵੀ ਸੂਰਜੀ ਊਰਜਾ ਪਲਾਂਟ ਲਗਾਉਣ ਲਈ ਪ੍ਰਵਾਨਗੀਆਂ ਹੋ ਚੁੱਕੀਆਂ ਹਨ, ਜਿਸ ਦੀ ਜਲਦ ਸ਼ੁਰੂਆਤ ਕੀਤੀ ਜਾਵੇਗੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸੂਰਜੀ ਊਰਜਾ ਇਕ ਚੰਗੇ ਬਦਲ ਵਜੋਂ ਸਾਹਮਣੇ ਹੈ ਅਤੇ ਅੱਜ ਇਸ ਗੱਲ ਦੀ ਵੱਡੀ ਲੋੜ ਹੈ ਕਿ ਕੁਦਰਤੀ ਸਰੋਤਾਂ ਦੀ ਵਰਤੋਂ ਕਰਕੇ ਬਿਜਲੀ ਤਿਆਰ ਕੀਤੀ ਜਾਵੇ। ਉਨਾਂ ਕਿਹਾ ਕਿ ਸੂਰਜੀ ਊਰਜਾ ਨਾਲ ਬਿਜਲੀ ਪੈਦਾ ਹੋਣ ਕਰਕੇ ਜਿਥੇ ਬਿਜਲੀ ਦੀ ਸਮੱਸਿਆ ਦਾ ਹੱਲ ਹੋਵੇਗਾ, ਉਥੇ ਹੀ ਬਿਜਲੀ ਖਰਚੇ ਵੀ ਘਟਣਗੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਯੂਨਾਈਟਡ ਸਿੱਖ ਮਿਸ਼ਨ ਅਮਰੀਕਾ ਦੇ ਚੇਅਰਮੈਨ ਸ. ਰਸ਼ਪਾਲ ਸਿੰਘ ਢੀਂਡਸਾ ਅਤੇ ਹੋਰ ਨੁਮਾਇੰਦਿਆਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਹਰਜਾਪ ਸਿੰਘ ਸੁਲਤਾਨਵਿੰਡ, ਮੈਂਬਰ ਭਾਈ ਮਨਜੀਤ ਸਿੰਘ, ਭਾਈ ਅਜਾਇਬ ਸਿੰਘ ਅਭਿਆਸੀ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਮਹਿੰਦਰ ਸਿੰਘ ਆਹਲੀ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਾਬਕਾ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਗੁਰਿੰਦਰ ਸਿੰਘ ਮਥਰੇਵਾਲ, ਫੈਡਰੇਸ਼ਨ ਦੇ ਪ੍ਰਧਾਨ ਭਾਈ ਕੰਵਰਚੜਤ ਸਿੰਘ, ਯੂਨਾਈਟਡ ਸਿੱਖ ਮਿਸ਼ਨ ਦੇ ਚੇਅਰਮੈਨ ਸ. ਰਸ਼ਪਾਲ ਸਿੰਘ ਢੀਂਡਸਾ, ਸ. ਅਵਤਾਰ ਸਿੰਘ, ਡਾ. ਐਨ. ਪੀ. ਸਿੰਘ, ਐਸ.ਬੀ ਸਿੰਘ ਮਰਵਾਹਾ, ਸ. ਰਣਜੀਤ ਸਿੰਘ, ਸ. ਬਲੌਰ ਸਿੰਘ, ਸੰਦਾਸ਼ੂ ਗੁਪਤਾ, ਮੈਨੇਜਰ ਸ. ਸੁਖਰਾਜ ਸਿੰਘ, ਵਧੀਕ ਮੈਨੇਜਰ ਸ. ਨਿਸ਼ਾਨ ਸਿੰਘ, ਮੀਤ ਮੈਨੇਜਰ ਸ. ਗੁਰਪ੍ਰੀਤ ਸਿੰਘ, ਸ. ਵਿਕਾਸ ਸਿੰਘ, ਸ. ਬਿਕਰਮਜੀਤ ਸਿੰਘ ਝੰਗੀ ਆਦਿ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਵਲੋਂ ਵਿਦਿਆਰਥੀਆਂ ਨੂੰ ਵਜ਼ੀਫ਼ੇ ਦੇ ਚੈੱਕ ਤਕਸੀਮ

ਅੰਮ੍ਰਿਤਸਰ, 28 ਫਰਵਰੀ (ਗਿਆਨ ਸਿੰਘ)ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫਰਵਰੀ 2021 ਵਿਚ ਲਈ ਗਈ ਸਾਲਾਨਾ ਧਾਰਮਿਕ ਪ੍ਰੀਖਿਆ ਵਿਚ ਵਜ਼ੀਫੇ ਪ੍ਰਾਪਤ ਕਰਨ ਵਾਲੇ ਅੰਮ੍ਰਿਤਸਰ ਜਿਲ੍ਹੇ ਨਾਲ ਸਬੰਧਤ ਪੰਜ ਸਕੂਲ/ਕਾਲਜਾਂ ਦੇ 87 ਵਿਦਿਆਰਥੀਆਂ ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਜ਼ੀਫੇ ਦੇ ਚੈੱਕ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬੱਚੇ ਅਤੇ ਨੌਜੁਆਨ ਕੌਮ ਦਾ ਭਵਿੱਖ ਹਨ ਅਤੇ ਇਨ੍ਹਾਂ ਦਾ ਧਰਮ ਪ੍ਰਤੀ ਜਾਗਰੂਕ ਹੋਣਾ ਬੇਹੱਦ ਜ਼ਰੂਰੀ ਹੈ। ਜੇਕਰ ਇਹ ਸਿੱਖੀ ਦੀਆਂ ਕਦਰਾਂ-ਕੀਮਤਾਂ ਅਤੇ ਸਿੱਖ-ਸੱਭਿਆਚਾਰ ਤੋਂ ਜਾਣੂ ਹੋਣਗੇ ਤਾਂ ਨਿਰਸੰਦੇਹ ਕੌਮ ਦੀ ਚੜ੍ਹਦੀ ਕਲਾ ਰਹੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸੇ ਮਕਸਦ ਲਈ ਹਰ ਸਾਲ ਧਾਰਮਿਕ ਪ੍ਰੀਖਿਆ ਆਯੋਜਿਤ ਕੀਤੀ ਜਾਂਦੀ ਹੈ, ਜਿਸ ਵਿਚ ਸਕੂਲਾਂ, ਕਾਲਜਾਂ ਦੇ ਹਜ਼ਾਰਾਂ ਵਿਦਿਆਰਥੀ ਹਿੱਸਾ ਲੈਂਦੇ ਹਨ। ਉਨ੍ਹਾਂ ਕਿਹਾ ਕਿ ਫਰਵਰੀ 2021 ਵਿਚ ਲਈ ਗਈ ਧਾਰਮਿਕ ਪ੍ਰੀਖਿਆ ਵਿਚੋਂ ਦਰਜਾ ਪਹਿਲਾ ਵਿਚ 149, ਦਰਜਾ ਦੂਜਾ ਵਿਚ 799, ਦਰਜਾ ਤੀਜਾ ਵਿਚ 129 ਅਤੇ ਦਰਜਾ ਚੌਥਾ ਵਿਚ 16 ਵਿਦਿਆਰਥੀਆਂ ਨੇ ਵਜੀਫਾ ਪ੍ਰਾਪਤ ਕੀਤਾ ਹੈ, ਜਿਨ੍ਹਾਂ ਨੂੰ ਦਰਜੇ ਵਾਇਜ 1100, 2100, 3100 ਅਤੇ 4100 ਰੁਪਏ ਵਜ਼ੀਫਾ ਦਿੱਤਾ ਜਾਵੇਗਾ। ਇਸ ਦੇ ਨਾਲ ਹੀ 60% ਤੋਂ 69.9% ਅੰਕ ਪ੍ਰਾਪਤ ਕਰਨ ਵਾਲੇ 1351 ਵਿਦਿਆਰਥੀਆਂ ਨੂੰ ਵੀ ਮੈਡਲ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਅੰਮ੍ਰਿਤਸਰ ਜਿਲ੍ਹੇ ਨਾਲ ਸਬੰਧਤ ਪੰਜ ਸਕੂਲ/ਕਾਲਜਾਂ ਦੇ 87 ਵਿਦਿਆਰਥੀਆਂ ਨੂੰ ਵਜ਼ੀਫੇ ਦੇ ਚੈੱਕ ਦਿੱਤੇ ਗਏ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਭਵਿੱਖ ਦੀਆਂ ਪੀੜ੍ਹੀਆਂ ਦਾ ਸਿੱਖ ਰਹਿਣੀ ਵਿਚ ਪ੍ਰਪੱਕ ਹੋਣਾ ਬੇਹੱਦ ਜ਼ਰੂਰੀ ਹੈ ਅਤੇ ਸ਼੍ਰੋਮਣੀ ਕਮੇਟੀ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਨੂੰ ਧਾਰਮਿਕ ਪ੍ਰੀਖਿਆ ਰਾਹੀਂ ਸਿੱਖੀ ਸਿਧਾਂਤਾਂ ਅਤੇ ਇਤਿਹਾਸ ਨਾਲ ਜੋੜ ਰਹੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਧਾਰਮਿਕ ਪ੍ਰੀਖਿਆ ਦੌਰਾਨ ਮੈਰਿਟ ਵਿਚ ਸਥਾਨ ਹਾਸਲ ਕਰਨ ਵਾਲੇ ਅਤੇ ਵਜ਼ੀਫ਼ਾ ਲੈਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਭਵਿੱਖ ਵਿਚ ਇਸੇ ਤਰ੍ਹਾਂ ਸਿੱਖ ਧਰਮ ਦੀ ਜਾਣਕਾਰੀ ਹਾਸਲ ਕਰਨ ਲਈ ਰੁਚਿਤ ਰਹਿਣ ਦੀ ਪ੍ਰੇਰਣਾ ਕੀਤੀ। ਇਸ ਮੌਕੇ ਧਾਰਮਿਕ ਪ੍ਰੀਖਿਆ ਦੌਰਾਨ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਸਕੂਲਾਂ ਦੇ ਅਧਿਆਪਕਾਂ ਨੂੰ ਵੀ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ. ਰਾਮਪਾਲ ਸਿੰਘ ਬਹਿਣੀਵਾਲ, ਵਧੀਕ ਸਕੱਤਰ ਸ. ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ, ਮੀਤ ਸਕੱਤਰ ਸ. ਤੇਜਿੰਦਰ ਸਿੰਘ ਪੱਡਾ, ਸ. ਗੁਰਮੀਤ ਸਿੰਘ ਬੁੱਟਰ, ਸ. ਮੁਖਤਾਰ ਸਿੰਘ, ਧਾਰਮਿਕ ਪ੍ਰੀਖਿਆ ਦੇ ਇੰਚਾਰਜ ਪ੍ਰੋਫੈਸਰ ਸੁਖਦੇਵ ਸਿੰਘ, ਸੁਪ੍ਰਿੰਟੈਂਡੈਂਟ ਸ. ਮਲਕੀਤ ਸਿੰਘ ਬਹਿੜਵਾਲ, ਸ. ਪਲਵਿੰਦਰ ਸਿੰਘ ਆਦਿ ਮੌਜੂਦ ਸਨ।

# ਰੂਸ ਨਾਟੋ ਨੂੰ ਨਫ਼ਰਤ ਕਿਉਂ ਕਰਦਾ ਹੈ, ਅਤੇ ਯੂਕਰੇਨ ਤੇ ਹਮਲਾ ਕਿਉਂ ਕੀਤਾ ?



ਸੁਰਜੀਤ ਸਿੰਘ ਫਲੋਰਾ

ਵਲਾਦੀਮੀਰ ਪੁਤਿਨ ਦੁਆਰਾ ਯੂਕਰੇਨ 'ਤੇ ਯੁੱਧ ਦਾ ਐਲਾਨ ਘਿਣਾਉਣਾ ਅਤੇ ਹਾਸੋਹੀਣਾ ਹੈ, ਜਿਵੇਂ ਕਿ ਉਸਦਾ ਇਹ ਦਾਅਵਾ ਹੈ ਕਿ ਉਹ ਯੂਕਰੇਨ ਨੂੰ "ਖ਼ਤਮ" ਕਰਨਾ ਚਾਹੁੰਦਾ ਹੈ।

ਵਿਸ਼ਵ ਮੰਚ 'ਤੇ ਪੁਤਿਨ ਹਿਟਲਰ ਵਾਂਗ ਕੰਮ ਕਰ ਰਹੇ ਹਨ। ਕਿਉਂਕਿ ਪੁਤਿਨ ਰੂਸੀ ਖੇਤਰ ਨੂੰ ਵਧਾਉਣਾ ਚਾਹੁੰਦਾ ਹੈ, ਉਸਨੇ ਇੱਕ ਸੁਤੰਤਰ, ਪ੍ਰਭੂਸੱਤਾ ਸੰਪੰਨ ਰਾਸ਼ਟਰ ਉੱਤੇ ਹਮਲਾ ਕੀਤਾ ਹੈ।


ਕੀ ਪੁਤਿਨ ਸਿਰਫ ਯੂਕਰੇਨ 'ਤੇ ਹਮਲਾ ਕਰਕੇ ਰੂਸੀ ਖੇਤਰ ਨੂੰ ਵਧਾਉਣਾ ਚਾਹੁੰਦਾ ਹੈ, ਜਾਂ ਹੋਰ ਕਈ ਕਾਰਨ ਹਨ? ਪਹਿਲਾਂ, ਪੁਤਿਨ ਅਮਰੀਕਾ ਦੇ ਨਕਸ਼ੇ-ਕਦਮਾਂ 'ਤੇ ਚੱਲਣਾ ਚਾਹੁੰਦਾ ਹੈ ਅਤੇ ਇੱਕ ਉੱਭਰ ਰਹੇ ਰਾਸ਼ਟਰ ਨੂੰ ਆਪਣੀ ਸਮਰੱਥਾ ਅਤੇ ਵਿਕਾਸ ਨਹੀਂ ਹੋਣ ਦੇਣਾ ਚਾਹੁੰਦਾ। ਜਿਵੇਂ ਅਮਰੀਕਾ ਨੇ ਵੀਅਤਨਾਮ 'ਤੇ ਹਮਲਾ ਕੀਤਾ ਸੀ, ਇਕ ਕਮਿਊਨਿਸਟ ਦੇਸ਼ ਪੂਰੀ ਦੁਨੀਆ ਲਈ ਖ਼ਤਰਾ ਹੈ।

ਪਰ ਅਸਲ ਵਿੱਚ, ਉਹਨਾਂ ਨੇ ਇਸਨੂੰ ਇੱਕ ਭਵਿੱਖ ਦੇ ਸ਼ਕਤੀਸ਼ਾਲੀ ਦੇਸ਼ ਦੇ ਰੂਪ ਵਿੱਚ ਦੇਖਿਆ ਜੋ ਇੱਕ ਤਾਕਤ ਤੋਂ ਮਜ਼ਬੂਤੀ ਤੱਕ ਜਾ ਸਕਦਾ ਹੈ ਅਤੇ ਏਸ਼ੀਆ ਪ੍ਰਾਇਦੀਪ ਵਿੱਚ ਦਬਦਬਾ ਹਾਸਲ ਕਰ ਸਕਦਾ ਹੈ, ਜਿਵੇਂ ਕਿ ਵਿਸ਼ਵ ਯੁੱਧ 2 ਤੋਂ ਪਹਿਲਾਂ ਜਾਪਾਨ। ਉਹਨਾਂ ਨੇ ਉਸ ਸਮੇਂ ਚੀਨ ਦੇ ਉਭਾਰ ਨੂੰ ਨਹੀਂ ਦੇਖਿਆ ਜਾਂ ਇਸ ਬਾਰੇ ਵਿਚਾਰ ਨਹੀਂ ਕੀਤਾ। ਜੋ ਹੁਣ ਦੁਨੀਆਂ ਭਰ ਲਈ ਖ਼ਤਰਾਂ ਬਣ ਚੁਕਾ ਹੈ ਜੇਕਰ ਉਸ ਸਮੇਂ ਚੀਨ ਦੇ ਨਾਪਾਕ ਸੋਚ ਤੇ ਵਿਚਾਰ ਕੀਤੀ ਹੁੰਦੀ ਤਾਂ ਇਹ ਵੀਅਤਨਾਮ ਜਾਂ ਦੋਵਾਂ ਦੀ ਬਜਾਏ ਜਪਾਨ ਇਕ ਹੁੰਦਾ।

ਯੂਕਰੇਨ ਨਾਲ ਵੀ ਅਜਿਹਾ ਹੀ ਹੋ ਰਿਹਾ ਹੈ। ਕਾਰਨ ਵੱਖੋ-ਵੱਖਰੇ ਲੱਗ ਹੋ ਸਕਦੇ ਹਨ, ਪਰ ਸੋਚਣ ਦੀ ਪ੍ਰਕਿਰਿਆ ਇੱਕੋ ਹੈ। ਪੁਤਿਨ ਯੂਕਰੇਨ ਨੂੰ ਰੂਸ ਦਾ ਹਿੱਸਾ ਮੰਨਦਾ ਹੈ, ਭਾਵੇਂ ਇਹ ਇੱਕ ਸੁਤੰਤਰ ਲੋਕਤੰਤਰ ਹੈ। ਉਹ ਸਾਂਝੇ ਸੱਭਿਆਚਾਰ ਅਤੇ ਯੂਕਰੇਨ ਵਿੱਚ ਰਹਿ ਰਹੇ ਰੂਸੀਆਂ ਉੱਤੇ ਸਮੂਹਿਕ ਅੱਤਿਆਚਾਰਾਂ ਨੂੰ ਉਨ੍ਹਾਂ ਦੇ ਹਮਲੇ ਦੇ ਕਾਰਨਾਂ ਵਜੋਂ ਦੱਸ ਰਿਹਾ ਹੈ।

ਹਾਲਾਂਕਿ, ਉਸਨੂੰ ਡਰ ਹੈ ਕਿ ਯੂਕਰੇਨ ਆਪਣੇ ਆਪ ਨੂੰ ਨਾਟੋ ਨਾਲ ਜੋੜ ਦੇਵੇਗਾ, ਜਿਸ ਨੇ ਪਹਿਲਾਂ ਹੀ ਪੂਰਬੀ ਅਤੇ ਮੱਧ ਯੂਰਪ ਦੇ ਬਹੁਤ ਸਾਰੇ ਸਹਿਯੋਗੀ ਲੱਭ ਲਏ ਹਨ। ਹੁਣ, ਨਾਟੋ ਆਪਣੇ ਸਾਰੇ ਸਹਿਯੋਗੀਆਂ ਲਈ ਸੁਰੱਖਿਆ ਦੀ ਹਾਮੀ ਭਰਦਾ ਹੈ ਅਤੇ ਯੂਕਰੇਨ ਚਾਹੁੰਦਾ ਹੈ ਕਿ ਰੂਸ ਤੋਂ ਵੱਡੇ ਪੱਧਰ 'ਤੇ ਹਮਲਿਆਂ ਨੂੰ ਰੋਕਿਆ ਜਾਵੇ, ਜਿਵੇਂ ਕਿ ਹੁਣ ਕੀ ਹੋ ਰਿਹਾ ਹੈ। ਅਸਲ ਵਿੱਚ, ਨਾਟੋ ਵਿੱਚ ਸ਼ਾਮਲ ਹੋਣ ਦਾ ਮਤਲਬ ਹੈ ਅਮਰੀਕਾ ਦਾ ਸਮਰਥਨ, ਅਤੇ ਰੂਸ ਜਾਣਦਾ ਹੈ ਕਿ ਉਸ ਤੋਂ ਬਾਅਦ ਯੂਕਰੇਨ 'ਤੇ ਹਮਲਾ ਕਰਨਾ ਅਮਰੀਕਾ 'ਤੇ ਹਮਲਾ ਕਰਨ ਦੇ ਬਰਾਬਰ ਹੋਵੇਗਾ, ਜੋ ਉਨ੍ਹਾਂ ਲਈ ਅਤੇ ਪੂਰੀ ਦੁਨੀਆ ਲਈ ਕਿਤੇ ਜ਼ਿਆਦਾ ਘਾਤਕ ਹੋਵੇਗਾ।

ਰੂਸ ਦਾ ਮੰਨਣਾ ਹੈ ਕਿ ਜੇਕਰ ਯੂਕਰੇਨ ਨਾਟੋ ਵਿੱਚ ਸ਼ਾਮਲ ਹੁੰਦਾ ਹੈ ਤਾਂ ਨਾਟੋ ਦੀਆਂ ਫੌਜਾਂ ਯੂਕਰੇਨ ਦੀ ਮਦਦ ਕਰਨਗੀਆਂ। ਪਰ ਸਵਾਲ ਇਹ ਹੈ ਕਿ ਰੂਸ ਨਾਟੋ ਨੂੰ ਇੰਨੀ ਨਫ਼ਰਤ ਕਿਉਂ ਕਰਦਾ ਹੈ? ਇਸ ਨੂੰ ਸਮਝਣ ਲਈ, ਸਾਨੂੰ ਪਹਿਲਾਂ ਇਹ ਸਮਝਣਾ ਪਵੇਗਾ ਕਿ ਨਾਟੋ ਕੀ ਹੈ।



ਇਸ ਦੌਰਾਨ, ਦੂਜਾ ਵਿਸ਼ਵ ਯੁੱਧ 1939 ਅਤੇ 1945 ਦੇ ਵਿਚਕਾਰ ਹੋਇਆ। ਸੋਵੀਅਤ ਸੰਘ ਨੇ ਫਿਰ ਪੂਰਬੀ ਯੂਰਪ ਦੇ ਕੁਝ ਹਿੱਸਿਆਂ ਤੋਂ ਆਪਣੀਆਂ ਫੌਜਾਂ ਨੂੰ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ। 1948 ਵਿੱਚ ਬਰਲਿਨ ਨੂੰ ਵੀ ਘੇਰ ਲਿਆ ਗਿਆ ਸੀ। ਫਿਰ ਸੰਯੁਕਤ ਰਾਜ ਨੇ ਸੋਵੀਅਤ ਯੂਨੀਅਨ ਦੀ ਵਿਸਤਾਰਵਾਦੀ ਨੀਤੀ ਨੂੰ ਰੋਕਣ ਲਈ 1949 ਵਿੱਚ ਨਾਟੋ ਦੀ ਸਥਾਪਨਾ ਕੀਤੀ। ਜਦੋਂ ਨਾਟੋ ਦਾ ਗਠਨ ਕੀਤਾ ਗਿਆ ਸੀ, ਇਸ ਵਿੱਚ ਸੰਯੁਕਤ ਰਾਜ, ਬ੍ਰਿਟੇਨ, ਫਰਾਂਸ, ਕੈਨੇਡਾ, ਇਟਲੀ, ਨੀਦਰਲੈਂਡ, ਆਈਸਲੈਂਡ, ਬੈਲਜੀਅਮ, ਲਕਸਮਬਰਗ, ਨਾਰਵੇ, ਪੁਰਤਗਾਲ ਅਤੇ ਡੈਨਮਾਰਕ ਸਮੇਤ 12 ਦੇਸ਼ ਸ਼ਾਮਲ ਸਨ। ਅੱਜ, ਨਾਟੋ ਵਿੱਚ 30 ਦੇਸ਼ ਸ਼ਾਮਲ ਹਨ।

ਨਾਟੋ ਇੱਕ ਫੌਜੀ ਗਠਜੋੜ ਹੈ। ਜਿਸਦਾ ਉਦੇਸ਼ ਇੱਕ ਸਾਂਝੀ ਸੁਰੱਖਿਆ ਨੀਤੀ 'ਤੇ ਕੰਮ ਕਰਨਾ ਹੈ। ਜੇ ਕੋਈ ਵਿਦੇਸ਼ੀ ਦੇਸ਼ ਨਾਟੋ 'ਤੇ ਹਮਲਾ ਕਰਦਾ ਹੈ, ਤਾਂ ਇਸ ਨੂੰ ਬਾਕੀ ਮੈਂਬਰ ਦੇਸ਼ਾਂ 'ਤੇ ਹਮਲਾ ਮੰਨਿਆ ਜਾਵੇਗਾ, ਅਤੇ ਸਾਰੇ ਨਾਟੋ ਦੇਸ਼ਾਂ ਦੇ ਮੈਂਬਰ ਉਸ ਦੇਸ਼ ਦੀ ਸੁਰੱਖਿਆ ਵਿਚ ਮਦਦ ਕਰਨਗੇ।

ਰੂਸ ਨਾਟੋ ਨੂੰ ਨਫ਼ਰਤ ਕਿਉਂ ਕਰਦਾ ਹੈ?

ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸੰਸਾਰ ਦੋ ਧੜਿਆਂ ਵਿੱਚ ਵੰਡਿਆ ਗਿਆ। ਦੋ ਮਹਾਂਸ਼ਕਤੀਸ਼ਾਲੀ ਸਨ। ਇੱਕ ਸੰਯੁਕਤ ਰਾਜ ਅਮਰੀਕਾ ਸੀ, ਅਤੇ ਦੂਜਾ ਸੋਵੀਅਤ ਯੂਨੀਅਨ ਸੀ। ਇਸ ਨੂੰ ਸ਼ੀਤ ਯੁੱਧ ਦੀ ਸ਼ੁਰੂਆਤ ਵੀ ਮੰਨਿਆ ਜਾਂਦਾ ਹੈ। 25 ਦਸੰਬਰ 1991 ਨੂੰ ਸੋਵੀਅਤ ਸੰਘ ਟੁੱਟ ਗਿਆ। ਫਿਰ 15 ਨਵੇਂ ਦੇਸ਼ ਬਣਾਏ ਗਏ। ਇਹ 15 ਦੇਸ਼ ਅਰਮੀਨੀਆ, ਅਜ਼ਰਬਾਈਜਾਨ, ਬੇਲਾਰੂਸ, ਐਸਟੋਨੀਆ, ਜਾਰਜੀਆ, ਕਜ਼ਾਕਿਸਤਾਨ, ਕਿਰਗਿਸਤਾਨ, ਲਾਤਵੀਆ, ਲਿਥੁਆਨੀਆ, ਮੋਲ-ਡੋਵਾ, ਰੂਸ, ਤਜ਼ਾਕਿਸਤਾਨ, ਤੁਰਕਮੇਨ, ਯੂਕਰੇਨ ਅਤੇ ਉਜ਼ਬੇਕਿਸਤਾਨ ਹਨ। ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਦੁਨੀਆ ਵਿੱਚ ਇੱਕੋ ਇੱਕ ਮਹਾਂਸ਼ਕਤੀ ਬਚੀ ਸੀ ਸੰਯੁਕਤ ਰਾਜ ਅਮਰੀਕਾ। ਉਦੋਂ ਤੋਂ, ਅਮਰੀਕਾ ਦੀ ਅਗਵਾਈ ਵਾਲੇ ਨਾਟੋ ਦਾ ਦਾਇਰਾ ਵਧਿਆ ਹੈ। ਸੋਵੀਅਤ ਸੰਘ ਤੋਂ ਵੱਖ ਹੋਏ ਦੇਸ਼ ਨਾਟੋ ਵਿੱਚ ਸ਼ਾਮਲ ਹੋ ਗਏ। ਐਸਟੋਨੀਆ, ਲਾਤਵੀਆ ਅਤੇ ਲਿਥੁਆਨੀਆ 2004 ਵਿੱਚ ਨਾਟੋ ਵਿੱਚ ਸ਼ਾਮਲ ਹੋਏ। 2008 ਵਿੱਚ ਜਾਰਜੀਆ ਅਤੇ ਯੂਕਰੇਨ ਨੂੰ ਵੀ ਨਾਟੋ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। ਹਾਲਾਂਕਿ, ਕੋਈ ਵੀ ਦੇਸ਼ ਨਾਟੋ ਵਿੱਚ ਸ਼ਾਮਲ ਨਹੀਂ ਹੋ ਸਕਿਆ ਹੈ।

ਰੂਸੀ ਰਾਸ਼ਟਰਪਤੀ ਪੁਤਿਨ ਨੇ ਨਾਟੋ ਦੇ ਵਿਸਥਾਰ 'ਤੇ ਇਤਰਾਜ਼ ਜਤਾਇਆ ਹੈ। ਪਿਛਲੇ ਸਾਲ ਦਸੰਬਰ 'ਚ ਪੁਤਿਨ ਨੇ ਕਿਹਾ ਸੀ, "ਅਸੀਂ ਸਪੱਸ਼ਟ ਕਰ ਦਿੱਤਾ ਹੈ ਕਿ ਪੂਰਬ 'ਚ ਨਾਟੋ ਦਾ ਵਿਸਥਾਰ ਸਵੀਕਾਰ ਨਹੀਂ ਹੈ। ਅਮਰੀਕਾ ਮਿਜ਼ਾਈਲਾਂ ਨਾਲ ਸਾਡੇ ਦਰਵਾਜ਼ੇ 'ਤੇ ਖੜ੍ਹਾ ਹੈ। ਜੇਕਰ ਉਹ ਕੈਨੇਡਾ ਨਾਲ ਲੱਗਦੀ ਸਰਹੱਦ 'ਤੇ ਮਿਜ਼ਾਈਲਾਂ ਤਾਇਨਾਤ ਕਰਦਾ ਹੈ ਤਾਂ ਅਮਰੀਕਾ ਨੂੰ ਕਿਹੋ ਜਿਹਾ ਲੱਗੇਗਾ। ਜਾਂ ਮੈਕਸੀਕੋ ਨੂੰ ?"

ਇਸ ਦੌਰਾਨ ਕਿਹਾ ਜਾਂਦਾ ਹੈ ਕਿ ਇੱਕ ਸਮਾਂ ਸੀ ਜਦੋਂ ਪੁਤਿਨ ਰੂਸ ਨੂੰ ਨਾਟੋ ਵਿੱਚ ਸ਼ਾਮਲ ਕਰਨਾ ਚਾਹੁੰਦੇ ਸਨ। ਪਰ ਹੁਣ ਪੁਤਿਨ ਨਾਟੋ ਨੂੰ ਨਫ਼ਰਤ ਕਰ ਰਿਹਾ ਹੈ। ਤੁਰਕੀ ਐਸਟੋਨੀਆ, ਲਾਤਵੀਆ, ਲਿਥੁਆਨੀਆ ਅਤੇ ਰੂਸ ਦੀ ਸਰਹੱਦ ਨਾਲ ਲੱਗਦੇ ਨਾਟੋ ਦਾ ਮੈਂਬਰ ਹੈ। ਜੇਕਰ ਯੂਕਰੇਨ ਨਾਟੋ ਵਿੱਚ ਸ਼ਾਮਲ ਹੁੰਦਾ ਹੈ, ਤਾਂ ਰੂਸ ਦੀਆਂ ਸਰਹੱਦਾਂ ਨੂੰ ਪੂਰੀ ਤਰ੍ਹਾਂ ਨਾਲ ਘੇਰ ਲਿਆ ਜਾਵੇਗਾ। ਜੇਕਰ ਯੂਕਰੇਨ ਨਾਟੋ ਵਿੱਚ ਸ਼ਾਮਲ ਹੋ ਜਾਂਦਾ ਹੈ, ਤਾਂ ਭਵਿੱਖ ਵਿੱਚ, ਨਾਟੋ ਦੀਆਂ ਮਿਜ਼ਾਈਲਾਂ ਕੁਝ ਹੀ ਮਿੰਟਾਂ ਵਿੱਚ ਯੂਕਰੇਨ ਦੀ ਧਰਤੀ 'ਤੇ ਉਤਰ ਜਾਣਗੀਆਂ। ਪੁਤਿਨ ਨੇ ਦਲੀਲ ਦਿੱਤੀ ਹੈ ਕਿ ਰੂਸ ਲਈ ਇਹ ਵੱਡੀ ਚੁਣੌਤੀ ਹੈ।

ਇਸ ਤੋਂ ਇਲਾਵਾ, ਨਾਟੋ ਨੂੰ ਰੂਸ ਵਿਚ ਅਤੇ ਉਸ ਦੇ ਆਲੇ-ਦੁਆਲੇ ਸਹਿਯੋਗੀ ਲੱਭਣਾ ਅਮਰੀਕਾ ਵਾਂਗ ਹੈ ਜੋ ਉਨ੍ਹਾਂ ਨੂੰ ਹਰ ਪਾਸਿਓਂ ਘੇਰ ਰਿਹਾ ਹੈ। ਦੋਵਾਂ ਦੇਸ਼ਾਂ ਵਿਚਕਾਰ "ਠੰਡੇ" ਇਤਿਹਾਸ ਨੂੰ ਦੇਖਦੇ ਹੋਏ, ਅਤੇ ਇਸ ਤੱਥ ਦੇ ਮੱਦੇਨਜ਼ਰ ਕਿ ਪੁਤਿਨ ਸ਼ੀਤ ਯੁੱਧ ਦੇ ਸਮੇਂ ਵਿੱਚ ਇੱਕ ਜਾਸੂਸ ਸੀ, ਉਹ ਅਜਿਹਾ ਨਹੀਂ ਹੋਣ ਦੇ ਸਕਦਾ। ਇਹ ਉਸ ਲਈ ਆਪਣੇ ਸਭ ਤੋਂ ਵੱਡੇ ਵਿਰੋਧੀਆਂ ਵਿਰੁੱਧ ਹਾਰ ਵਾਂਗ ਹੋਵੇਗਾ। ਅਤੇ ਇਸ ਤੱਥ ਦੇ ਮੱਦੇਨਜ਼ਰ ਕਿ ਯੂਕਰੇਨ ਵੀ ਨਾਟੋ ਵਿੱਚ ਸ਼ਾਮਲ ਹੋਣ ਦੀ ਯੋਜਨਾ ਬਣਾ ਰਿਹਾ ਹੈ, ਉਸ ਦੇ ਅਨੁਸਾਰ, ਅਜਿਹਾ ਹੋਣ ਤੋਂ ਰੋਕਣ ਲਈ, ਦੇਸ਼ ਉੱਤੇ ਹਮਲਾ ਕਰਨਾ ਹੀ ਇੱਕੋ ਇੱਕ ਵਿਕਲਪ ਬਚਿਆ ਸੀ। ਉਹ ਨਾਟੋ ਵਿੱਚ ਸ਼ਾਮਲ ਹੋਣ ਵਿੱਚ ਯੂਕਰੇਨ ਦੀ ਦਿਲਚਸਪੀ ਨੂੰ ਰੂਸ ਲਈ ਸਿੱਧਾ ਖ਼ਤਰਾ ਮੰਨਦਾ ਹੈ ਅਤੇ ਅਜਿਹਾ ਹੋਣ ਤੋਂ ਰੋਕਣ ਲਈ ਕੁਝ ਵੀ ਕਰੇਗਾ ਤੇ ਕਰ ਰਿਹਾ ਹੈ।

ਜੇਕਰ ਤੁਸੀਂ ਉਸ ਦੇ ਹਮਲੇ ਤੋਂ ਪਹਿਲਾਂ ਦੀ ਪ੍ਰੈਸ ਕਾਨਫਰੰਸ ਦਾ ਵਿਸ਼ਲੇਸ਼ਣ ਕਰਦੇ ਹੋ, ਤਾਂ ਉਹ ਸਪੱਸ਼ਟ ਤੌਰ 'ਤੇ ਕਹਿ ਰਿਹਾ ਹੈ ਕਿ ਦੇਸ਼ ਰੂਸ ਨੂੰ ਕਮਜ਼ੋਰ ਨਹੀਂ ਸਮਝਦੇ। ਉਨ੍ਹਾਂ 'ਤੇ ਕੋਈ ਵੀ ਪਾਬੰਦੀਆਂ ਲਾਈਆਂ ਜਾਣ, ਉਹ ਉਸ ਲਈ ਲੜਨ ਲਈ ਤਿਆਰ ਹਨ ਜੋ ਉਨ੍ਹਾਂ ਨੂੰ ਸਹੀ ਲੱਗਦਾ ਹੈ। ਇਹ ਰਵੱਈਆ ਉਨ੍ਹਾਂ ਤੋਂ ਗਾਇਬ ਸੀ ਕਿਉਂਕਿ ਯੂਐਸਐਸਆਰ ਦੀ ਹੋਂਦ ਖ਼ਤਮ ਹੋ ਗਈ ਸੀ, ਪਰ ਪੁਤਿਨ ਉਸ ਡਰਾਉਣੇ ਕਾਰਕ ਨੂੰ ਦੁਬਾਰਾ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਅਤੇ ਯੂਕਰੇਨ 'ਤੇ ਹਮਲਾ ਕਰਨਾ ਉਸ ਲਈ ਅਜਿਹਾ ਕਰਨ ਦਾ ਸਭ ਤੋਂ ਤੇਜ਼ ਅਤੇ ਸ਼ਾਇਦ ਸਭ ਤੋਂ ਸਸਤਾ ਤਰੀਕਾ ਹੈ।

ਦੂਜੇ ਪਾਸੇ, ਪੁਤਿਨ ਜਾਣਦਾ ਹੈ ਕਿ ਯੂਰਪ ਰੂਸ ਦੇ ਤੇਲ ਅਤੇ ਕੁਦਰਤੀ ਗੈਸ ਦੀ ਸਪਲਾਈ 'ਤੇ ਬਹੁਤ ਜ਼ਿਆਦਾ ਨਿਰਭਰ ਹੈ। ਇਸ ਲਈ, ਭਾਵੇਂ ਅਮਰੀਕਾ ਕੁਝ ਵੀ ਕਹੇ, ਉਹ ਉਨ੍ਹਾਂ 'ਤੇ ਲੰਬੇ ਸਮੇਂ ਲਈ ਪਾਬੰਦੀਆਂ ਨਹੀਂ ਲਗਾ ਸਕਦੇ ਹਨ। ਇਹ ਉਨ੍ਹਾਂ ਦੀ ਆਰਥਿਕਤਾ ਨੂੰ ਰੂਸ ਨਾਲੋਂ ਤੇਜ਼ੀ ਨਾਲ ਅਪੰਗ ਕਰ ਦੇਵੇਗਾ! ਇਸ ਲਈ, ਉਹ ਯੂਕਰੇਨ ਵਿੱਚ ਗਿਆ ਹੈ ਅਤੇ ਉਹਨਾਂ ਵਿੱਚੋਂ ਇੱਕ ਉਦਾਹਰਣ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਇਹ ਜਾਣਦੇ ਹੋਏ ਕਿ ਬਾਅਦ ਦੇ ਪ੍ਰਭਾਵਾਂ ਨੂੰ ਘੱਟ ਤੋਂ ਘੱਟ ਰੱਖਿਆ ਜਾ ਸਕਦਾ ਹੈ।

ਇਸ ਤੋਂ ਇਲਾਵਾ, ਇਕ ਹੋਰ ਕਾਰਨ 'ਕੌੜੀ ਸੱਚਾਈ ਇਹ ਹੈ ਕਿ ਪੁਤਿਨ ਦੀ ਪ੍ਰਸਿੱਧੀ ਨੇ ਮਹਾਂਮਾਰੀ ਤੋਂ ਬਾਅਦ ਵੱਡੇ ਪੱਧਰ 'ਤੇ ਗਿਰਾਵਟ ਲਿਆਂਦੀ ਹੈ, ਅਤੇ ਉਸ ਦੇ ਖਿਲਾਫ ਪ੍ਰਦਰਸ਼ਨ ਹੋ ਰਹੇ ਹਨ, ਜਿਸ ਦਾ ਉਦੇਸ਼ ਉਸ ਨੂੰ ਗੱਦੀ ਤੋਂ ਲਾਹ ਦੇਣਾ ਅਤੇ ਉਸ ਦੇ ਗਲਤ ਕੰਮਾਂ ਦੀ ਜਾਂਚ ਲਈ ਇਕ ਕੁਮੇਟੀ ਦਾ ਗੰਠਣ ਕਰਨਾਹੈ। ਇਸ ਲਈ, ਉਹ ਅਸਲ ਚਿੰਤਾਵਾਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਹਾਲਾਂਕਿ, ਹਮਲਾ ਉੱਥੋਂ ਦੇ ਲੋਕਾਂ ਨੂੰ ਇਹ ਦੇਖਣ ਦਾ ਮੌਕਾ ਦਿੰਦਾ ਹੈ ਕਿ ਉਹ ਕਿੰਨਾ ਕ੍ਰਾਂਤੀਕਾਰੀ ਨੇਤਾ ਹੈ, ਕਿਉਂਕਿ ਉਹ ਯੂਕਰੇਨ 'ਤੇ ਹਮਲਾ ਕਰਕੇ ਅਤੇ ਇਸਨੂੰ ਦੁਬਾਰਾ ਆਪਣੇ ਦੇਸ਼ ਦਾ ਹਿੱਸਾ ਬਣਾ ਕੇ ਰੂਸ ਨੂੰ ਮਹਾਨ ਯੂਐਸਐਸਆਰ ਬਣਾਉਣ ਲਈ ਕੰਮ ਕਰ ਰਿਹਾ ਹੈ।

ਪਰ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਦਿਨ ਦੇ ਅੰਤ ਵਿੱਚ ਕੋਈ ਵੀ ਦੇਸ਼ ਜੰਗ ਦੀ ਸ਼ੁਰੂਆਤ ਕਰਦਾ ਹੈ, ਭੂ-ਰਾਜਨੀਤਿਕ ਝੜਪਾਂ ਦੇ ਕਾਰਨ ਇਸ ਦੀਆਂ ਮਾਸੂਮ ਜਾਨਾਂ ਚਲੀਆਂ ਜਾਂਦੀਆਂ ਹਨ ਅਤੇ ਸ਼ਾਂਤੀ ਦੀ ਗੁੰਜਾਇਸ਼ ਹੁੰਦੀ ਹੈ। ਉਮੀਦ ਹੈ ਕਿ ਇਹ ਜਲਦੀ ਆਵੇਗਾ।

# ਨੇਕ ਦਿਲ ਇਨਸਾਨ ਡਾ. ਸੀ.ਵੀ. ਰਮਨ



ਵਿਜੇ ਗਰਗ

"ਜ਼ਿੰਦਗੀ ਦਾ ਹਰ ਚੰਗਾ ਕੰਮ ਧਰਮ ਵਾਂਗ ਪਵਿੱਤਰ ਜਾਣ ਕੇ ਕਰਨਾ ਚਾਹੀਦਾ ਹੈ।" ਇਹ ਵਿਚਾਰ ਨੋਬਲ ਪੁਰਸਕਾਰ ਵਿਜੇਤਾ ਡਾ. ਸੀ.ਵੀ. ਰਮਨ ਦੇ ਹਨ ਜਿਨ੍ਹਾਂ ਨੇ ਅਪਣਾ ਸਾਰਾ ਜੀਵਨ ਇਕ ਨਿਸ਼ਕਾਮ ਸੇਵਕ ਦੀ ਤਰ੍ਹਾਂ ਲਗਾਤਾਰ ਵਿਗਿਆਨਕ ਖੋਜਾਂ ਵਿਚ ਲਾ ਕੇ ਬੁਲੰਦੀਆਂ ਨੂੰ ਛੋਹਿਆ। ਖ਼ਾਹਿਸ਼, ਸਾਹਸ ਅਤੇ ਘਾਲ ਨੂੰ ਉਹ ਅਪਣਾ ਆਦਰਸ਼ ਮੰਨਦੇ ਸਨ। ਉਹ ਨੌਜਵਾਨਾਂ ਨੂੰ ਹਮੇਸ਼ਾ ਹੀ ਇਹੀ ਕਹਿੰਦੇ ਸਨ ਕਿ ਖੋਜ ਨੂੰ ਕਦੇ ਵੀ ਸਵੈ ਪ੍ਰਚਾਰ ਤੇ ਸਵੈ ਉਪਮਾ ਲਈ ਨਾ ਵਰਤੋ।

ਉਨ੍ਹਾਂ ਦੇ ਵਿਚਾਰਾਂ ਅਨੁਸਾਰ ਵਿਗਿਆਨ ਸੱਚ ਦੀ ਤਲਾਸ਼ ਦਾ ਦੂਜਾ ਨਾਂ ਹੈ। ਇਹ ਸੱਚ ਕੇਵਲ ਭੌਤਿਕ ਵਸਤੂਆਂ ਦੀ ਦੁਨੀਆਂ ਦਾ ਸੱਚ ਹੀ ਨਹੀਂ ਸਗੋਂ ਤਰਕ ਦੀ ਦੁਨੀਆਂ, ਮਨੋ ਵਿਗਿਆਨ ਦੀ ਦੁਨੀਆਂ ਅਤੇ ਰੋਜ਼ਾਨਾ ਜ਼ਿੰਦਗੀ ਜਿਉਣ ਦਾ ਸੱਚ ਵੀ ਹੈ। ਸੱਚਾ ਵਿਗਿਆਨੀ ਹਮੇਸ਼ਾ ਗਲਤ ਅਤੇ ਝੂਠ ਨੂੰ ਤਿਆਗਦਾ ਹੈ। ਵਿਸ਼ਵ ਵਿਦਿਆਲਾ ਬਾਰੇ ਅਪਣੇ ਵਿਚਾਰ ਪ੍ਰਗਟ ਕਰਦੇ ਹੋਏ ਉਹ ਕਹਿੰਦੇ ਸਨ ਕਿ ਉਹ ਵਿਸ਼ਵ ਵਿਦਿਆਲਾ ਹੀ ਨਹੀਂ ਜੋ ਸੱਚ ਦੀ ਭਾਲ ਕਰਨਾ ਨਾ ਸਿਖਾਵੇ। ਸੱਚ ਦੀ ਭਾਲ ਨੂੰ ਹੀ ਖੋਜ ਕਿਹਾ ਜਾਂਦਾ ਹੈ। ਖੋਜ ਰਾਹੀਂ ਹੀ ਗਿਆਨ ਦੇ ਨਵੇਂ ਤੇ ਵਿਕਾਸਮਈ ਭੰਡਾਰ ਪ੍ਰਾਪਤ ਹੁੰਦੇ ਹਨ। ਵਿਦਿਆਰਥੀ ਨੂੰ ਇਕ ਜਗਿਆਸੂ ਦੀ ਤਰ੍ਹਾਂ ਹੋਣਾ ਚਾਹੀਦਾ ਹੈ ਨਹੀਂ ਤਾਂ ਉਹ ਗਿਆਨ ਪ੍ਰਾਪਤੀ ਵਿਚ ਪਛੜ ਜਾਵੇਗਾ।

ਇਸ ਮਹਾਨ ਵਿਗਿਆਨੀ ਦਾ ਜਨਮ 7 ਨਵੰਬਰ 1888 ਨੂੰ ਦੱਖਣੀ ਭਾਰਤ ਦੇ ਸ਼ਹਿਰ ਤ੍ਰਿਚਨਾਪਲੀ ਨੇੜੇ ਥੀਰੂਵਾਨੈਕਵਨ ਪਿੰਡ ਵਿਚ ਪਿਤਾ ਚੰਦਰ ਸ਼ੇਖ਼ਰ ਆਇਰ ਅਤੇ ਮਾਤਾ ਪਾਰਵਤੀ ਆਮੇਲ ਦੇ ਘਰ ਹੋਇਆ। ਰਮਨ ਦੇ ਪਿਤਾ ਵਿਸ਼ਾਖਾਪਟਨਮ ਦੇ ਗਿਰਜਾ ਘਰ ਕਾਲਜ ਵਿਚ ਗਣਿਤ ਅਤੇ ਭੌਤਿਕ ਵਿਗਿਆਨ ਦੇ ਅਧਿਆਪਕ ਸਨ। ਉਨ੍ਹਾਂ ਦੀ ਦਿਲਚਸਪੀ ਤਾਰਾ ਵਿਗਿਆਨ ਤੇ ਸੰਗੀਤ ਵਿਚ ਵੀ ਸੀ। ਵੀਨਾ ਅਤੇ ਮ੍ਰਿਦੰਗ ਵਜਾਉਣ ਵਿਚ ਉਹ ਮਾਹਰ ਸਨ, ਜਿਸ ਦਾ ਪ੍ਰਭਾਵ ਸੀ.ਵੀ. ਰਮਨ 'ਤੇ ਵੀ ਪਿਆ।

ਰਮਨ ਨੇ ਦਸਵੀਂ ਵਿਚ ਮੈਰਿਟ ਲਿਸਟ 'ਚ ਪਹਿਲਾ ਅਸਥਾਨ ਪ੍ਰਾਪਤ ਕੀਤਾ। ਉਸ ਨੇ ਮੈਡਮ ਐਨੀ ਬੀਸੈਂਟ ਦਾ ਇਕ ਭਾਸ਼ਣ ਸੁਣਿਆ ਜਿਸ ਤੋਂ ਪ੍ਰਭਾਵਤ ਹੋ ਕੇ ਉਸ ਨੇ ਉਸ ਦੀਆਂ ਹੋਰ ਪੁਸਤਕਾਂ ਲੈ ਕੇ ਪੜ੍ਹੀਆਂ ਅਤੇ ਕਈ ਧਾਰਮਕ ਗ੍ਰੰਥਾਂ ਦਾ ਅਧਿਅਨ ਵੀ ਕੀਤਾ। ਬਚਪਨ ਤੋਂ ਹੀ ਰਮਨ ਦੀ ਰੁਚੀ ਭੌਤਿਕ ਵਿਗਿਆਨ ਵਿਚ ਹੀ ਸੀ ਅਤੇ ਉਸ ਨੇ ਸਕੂਲ ਪੜ੍ਹਦਿਆਂ ਹੀ ਇਕ ਡਾਇਨਮੋ ਬਣਾ ਲਈ ਸੀ। ਸਕੂਲ ਪੜ੍ਹਦਿਆਂ ਹੀ ਉਸ ਨੂੰ ਜੋਹਨ ਟਿੰਡਲ ਦੀ ਪੁਸਤਕ ਨਿਊ ਫ਼ਰੈਗਮੈਂਟਸ ਪੜ੍ਹਨ ਲਈ ਮਿਲ ਗਈ। ਇਸ ਪੁਸਤਕ ਵਿਚ ਇਕ ਲੇਖ ਪਾਣੀ ਬਾਰੇ ਸੀ ਜਿਸ ਨੂੰ ਉਸ ਨੇ ਸਭ ਤੋਂ ਵੱਧ ਪ੍ਰਭਾਵਤ ਕੀਤਾ।

ਇਹੀ ਲੇਖ ਅਖ਼ੀਰ ਜਾ ਕੇ ਉਸ ਦੀ ਖੋਜ ਦਾ ਸਾਧਨ ਬਣਿਆ। ਸਮੁੰਦਰ ਦੇ ਪਾਣੀ ਦੇ ਨੀਲੇ ਰੰਗ ਨੇ ਵੀ ਉਸ ਨੂੰ ਖੋਜ ਲਈ ਪ੍ਰੇਰਿਤ ਕੀਤਾ। ਬੀ.ਏ. ਦੀ ਪੜ੍ਹਾਈ ਲਈ ਰਮਨ ਨੇ ਪ੍ਰੈਜ਼ੀਡੈਂਸੀ ਕਾਲਜ ਮਦਰਾਸ ਵਿਚ ਦਾਖ਼ਲਾ ਲਿਆ। ਰਮਨ ਅਪਣੀ ਕਲਾਸ ਵਿਚ ਸੱਭ ਤੋਂ ਛੋਟੀ ਉਮਰ ਦਾ ਵਿਦਿਆਰਥੀ ਸੀ। ਪ੍ਰੋ. ਈ.ਐਚ. ਈਲੀਅਟ ਰਮਨ ਦੀ ਛੋਟੀ ਉਮਰ ਵੇਖ ਕੇ ਬਹੁਤ ਹੈਰਾਨ ਹੋਏ ਅਤੇ ਜਿਸ ਸਵੈ ਵਿਸ਼ਵਾਸ ਨਾਲ ਰਮਨ ਨੇ ਪ੍ਰੋਫ਼ੈਸਰ ਦੀਆਂ ਗੱਲਾਂ ਦਾ ਜੁਆਬ ਦਿਤਾ ਉਸ ਤੋਂ ਉਹ ਬਹੁਤ ਪ੍ਰਭਾਵਤ ਹੋਏ। ਸੰਨ 1904 ਵਿਚ ਰਮਨ ਨੇ ਬੀ.ਏ. ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।

ਉਹ ਉੱਚ ਵਿਦਿਆ ਪ੍ਰਾਪਤੀ ਲਈ ਇੰਗਲੈਂਡ ਜਾਣਾ ਚਾਹੁੰਦੇ ਸਨ ਪਰ ਸਿਹਤ ਪੱਖੋਂ ਕਮਜ਼ੋਰ ਹੋਣ ਕਾਰਨ ਉਹ ਨਾ ਜਾ ਸਕੇ ਅਤੇ ਉਨ੍ਹਾਂ ਨੇ ਐਮ.ਏ. ਕਲਾਸ ਵਿਚ ਪ੍ਰੈਜ਼ੀਡੈਂਸੀ ਕਾਲਜ ਵਿਚ ਦਾਖ਼ਲਾ ਲੈ ਲਿਆ ਅਤੇ ਭੌਤਿਕ ਵਿ-ਗਆਨ ਵਿਸ਼ੇ ਦੀ ਚੋਣ ਕੀਤੀ।

**ਵਿਗਿਆਨ ਦਿਵਸ 'ਤੇ ਵਿਸ਼ੇਸ਼**

ਐਮ.ਏ. ਕਰਨ ਤੋਂ ਬਾਅਦ ਰਮਨ ਦਾ ਵਿਆਹ ਲੋਕਾ ਸੁੰਦਰੀ ਨਾਲ ਹੋ ਗਿਆ ਜੋ ਸੰਗੀਤ ਵਿਚ ਖ਼ਾਸ ਰੁਚੀ ਰਖਦੀ ਸੀ। ਇਹ ਵਿਆਹ ਅੰਤਰਜਾਤੀ ਸੀ ਜਿਸ ਨੂੰ ਰਚਾ ਕੇ ਰਮਨ ਨੇ ਅਪਣੇ ਸਮੇਂ ਦੀ ਇਕ ਵਿਲੱਖਣ ਗੱਲ ਕੀਤੀ।

1907 ਵਿਚ ਰਮਨ ਦੀ ਨਿਯੁਕਤੀ ਭਾਰਤ ਸਰਕਾਰ ਦੇ ਅਰਥ ਵਿਭਾਗ ਵਿਚ ਬਤੌਰ ਸਹਾਇਕ ਅਕਾਊਂਟੈਂਟ ਦੇ ਕਲਕੱਤੇ ਵਿਖੇ ਹੋ ਗਈ। ਸਰਕਾਰੀ ਨੌਕਰੀ ਦੀਆਂ ਉਲਝਣਾਂ ਦੇ ਬਾਵਜੂਦ ਵੀ ਉਸ ਨੇ ਭੌਤਿਕ ਵਿਗਿਆਨ ਵਿਚ ਖੋਜ-ਕਾਰਜ ਜਾਰੀ ਰੱਖੇ। ਇਕ ਦਿਨ ਰਮਨ ਦਫ਼ਤਰੋਂ ਛੁੱਟੀ ਤੋਂ ਬਾਅਦ ਟ੍ਰਾਮ ਰਾਹੀਂ ਘਰ ਵਾਪਸ ਆ ਰਿਹਾ ਸੀ ਕਿ ਉਸ ਦੀ ਨਜ਼ਰ ਇਕ ਬੋਰਡ 'ਤੇ ਪਈ ਜਿਸ ਉਤੇ ਲਿਖਿਆ ਸੀ "ਇੰਡੀਅਨ ਐਸੋਸੀਏਸ਼ਨ ਫ਼ਾਰ ਦਾ ਕਲਟੀਵੇਸ਼ਨ ਆਫ਼ ਸਾਇੰਸ।"

ਉਹ ਟ੍ਰਾਮ ਰੁਕਦਿਆਂ ਉਥੇ ਹੀ ਉਤਰ ਗਿਆ ਤੇ ਉਸ ਦਫ਼ਤਰ ਅੰਦਰ ਚਲਾ ਗਿਆ। ਦਫ਼ਤਰ ਦੇ ਬਾਨੀ ਸ਼੍ਰੀ ਅੰਮ੍ਰਿਤ ਲਾਲ ਸਿਰਕਾਰ ਨੂੰ ਮਿਲ ਕੇ ਭੌਤਿਕ ਵਿਗਿਆਨ ਦੇ ਵਿਸ਼ੇ ਵਿਚ ਖੋਜ ਕਰਨ ਦੀ ਇਜਾਜ਼ਤ ਮੰਗੀ ਜੋ ਉਸ ਨੂੰ ਉਸੇ ਵੇਲੇ ਮਿਲ ਗਈ। ਇਸ ਤਰ੍ਹਾਂ ਉਹ ਦਫ਼ਤਰੋਂ ਛੁੱਟੀ ਤੋਂ ਬਾਅਦ ਖੋਜ ਕਾਰਜਾਂ ਵਿਚ ਰੁਝ ਗਿਆ। ਖੋਜ ਕਾਰਜਾਂ ਕਾਰਨ ਉਸ ਦੀ ਪ੍ਰਸਿਧੀ ਦੂਰ ਦੂਰ ਤਕ ਫੈਲ ਗਈ ਅਤੇ ਦੁਨੀਆਂ ਭਰ ਤੋਂ ਪ੍ਰੋਫ਼ੈਸਰ ਅਤੇ ਨੌਜਵਾਨ ਵਿਦਿਆਰਥੀ ਉਸ ਦੇ ਸੰਪਰਕ ਵਿਚ ਆਉਣ ਲੱਗੇ।

ਕੁੱਝ ਸਮੇਂ ਬਾਅਦ ਰਮਨ ਦੀ ਬਦਲੀ ਨਾਗਪੁਰ ਵਿਖੇ ਹੋ ਗਈ। ਜਦੋਂ ਉਹ ਉਥੇ ਪਹੁੰਚੇ ਤਾਂ ਕੁੱਝ ਦਿਨਾਂ ਬਾਅਦ ਹੀ ਪਲੇਗ ਦੀ ਮਹਾਂਮਾਰੀ ਫੈਲ ਗਈ। ਇਥੇ ਰਮਨ ਨੇ ਆਪ, ਅਪਣੇ ਸਰਕਾਰੀ ਕਰਮਚਾਰੀਆਂ ਅਤੇ ਬਿਮਾਰਾਂ ਦੀ ਸਹਾਇਤਾ ਲਈ ਦਿਨ ਰਾਤ ਇਕ ਕਰ ਦਿਤਾ। ਉਸ ਨੇ ਤਨ ਮਨ ਧਨ ਨਾਲ ਬਿਮਾਰ ਲੋਕਾਂ ਦੀ ਮਦਦ ਕੀਤੀ ਤੇ ਬਹੁਤ ਸਾਰੇ ਲੋਕਾਂ ਨੂੰ ਮਰਨ ਤੋਂ ਬਚਾ ਲਿਆ। ਪੂਰੇ ਨਾਗਪੁਰ ਵਿਚ ਇਸ ਨਵੇਂ ਆਏ ਅਫ਼ਸਰ ਦੀ ਚਰਚਾ ਘਰ-ਘਰ ਹੋਣ ਲੱਗੀ।

1911 ਵਿਚ ਉਨ੍ਹਾਂ ਦੀ ਬਦਲੀ ਡਾਕ ਤਾਰ ਵਿਭਾਗ ਕਲਕੱਤੇ ਵਿਖੇ ਬਤੌਰ ਅਕਾਊਂਟੈਂਟ ਜਨਰਲ (ਏ.ਜੀ.) ਵਜੋਂ ਹੋ ਗਈ ਅਤੇ ਫਿਰ ਉਹ ਕਲਕੱਤੇ ਵਿਖੇ ਖੋਜ ਕਾਰਜਾਂ ਵਿਚ ਜੁਟ ਗਏ। 1914 ਵਿਚ ਕਲਕੱਤੇ ਵਿਖੇ ਹੀ ਸਾਇੰਸ ਕਾਲਜ ਦੀ ਸਥਾਪਨਾ ਸ਼ੁਰੂ ਹੋਈ। ਜਿਸ ਵਿਚ ਭੌਤਿਕ ਵਿਗਿਆਨ ਦੀ ਪੜ੍ਹਾਈ ਲਈ ਇਕ ਪ੍ਰੋਫ਼ੈਸਰ ਦੀ ਲੋੜ ਸੀ। ਕਾਫ਼ੀ ਖੋਜ ਤੋਂ ਬਾਅਦ ਵਾਈਸ ਚਾਂਸਲਰ ਸਰ ਆਸ਼ੂਤੋਸ਼ ਮੁਖਰਜੀ ਨਾਲ ਗੱਲ ਕੀਤੀ।

ਰਮਨ ਸੋਚਾਂ ਵਿਚ ਪੈ ਗਿਆ। ਇਕ ਪਾਸੇ ਸਰਕਾਰੀ ਗਜ਼ਟਡ ਨੌਕਰੀ ਤੇ ਦੂਜੇ ਪਾਸੇ ਪ੍ਰਾਈਵੇਟ ਕਾਲਜ? ਖੋਜ ਕਾਰਜਾਂ ਕਾਰਨ ਰਮਨ ਦੀ ਪ੍ਰਸਿਧੀ ਦੂਰ ਦੂਰ ਤਕ ਫੈਲ ਚੁਕੀ ਸੀ। ਅਖ਼ੀਰ ਰਮਨ ਨੇ ਨੌਕਰੀ ਲਈ ਹਾਂ ਕਰ ਦਿਤੀ ਹਾਲਾਂਕਿ ਉਸ ਦੀ ਤਨਖ਼ਾਹ ਵੀ ਪਹਿਲਾਂ ਨਾਲੋਂ ਅੱਧੀ ਰਹਿ ਜਾਣੀ ਸੀ। ਜੁਲਾਈ 1917 ਵਿਚ ਕਾਲਜ ਬਣ ਕੇ ਤਿਆਰ ਹੋ ਗਿਆ ਤੇ ਰਮਨ ਸਰਕਾਰੀ ਨੌਕਰੀ ਛੱਡ ਕੇ ਪ੍ਰੋਫ਼ੈਸਰ ਦੀ ਨੌਕਰੀ ਤੇ ਹਾਜ਼ਰ ਹੋ ਗਿਆ। ਇਹ ਨੌਕਰੀ ਉਸ ਦੇ ਮਨ ਪਸੰਦ ਦੀ ਸੀ ਅਤੇ ਉਸ ਨੂੰ ਭੌਤਿਕ ਵਿਗਿਆਨ ਵਿਚ ਖੋਜ ਕਰਨ ਦਾ ਮੌਕਾ ਵੀ ਮਿਲਦੇ ਰਹਿਣਾ ਸੀ।

ਪ੍ਰੋ: ਰਮਨ ਨੇ ਭਾਰਤੀ ਵਿਗਿਆਨ ਵਿਕਾਸ ਸੰਸਥਾ ਨੂੰ ਉੱਚਾ ਚੁੱਕਣ ਵਿਚ ਅਪਣਾ ਬਹੁਮੁੱਲਾ ਯੋਗਦਾਨ ਪਾਇਆ। ਉਹਨਾਂ ਦੀ ਕੋਸ਼ਿਸ਼ ਸਦਕਾ 'ਭਾਰਤੀ ਵਿਗਿਆਨ ਕਾਂਗਰਸ' ਹੋਂਦ ਵਿਚ ਆਈ ਅਤੇ ਉਨ੍ਹਾਂ ਨੇ ਇਸ ਸੰਸਥਾ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ। ਇਨ੍ਹਾਂ ਦਿਨਾਂ ਵਿਚ ਹੀ ਬੰਗਲੌਰ ਵਿਖੇ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਦੀ ਸਥਾਪਨਾ ਹੋਈ ਤੇ ਪ੍ਰੋ: ਰਮਨ ਇਸ ਦੇ ਸੰਚਾਲਕ ਬਣੇ।

1921 ਵਿਚ ਪ੍ਰੋ: ਰਮਨ ਇੰਗਲੈਂਡ ਦੀ ਆਕਸਫ਼ੋਰਡ ਯੂਨੀਵਰਸਿਟੀ ਵਿਚ ਭਾਸ਼ਨ ਦੇਣ ਸਮੁੰਦਰੀ ਰਸਤੇ ਪਹੁੰਚੇ। ਇਸ ਯਾਤਰਾ ਦੌਰਾਨ ਭੂ-ਮੱਧ ਸਾਗਰ ਦੇ ਗਹਿਰੇ ਨੀਲੇ ਪਾਣੀ ਨੇ ਉਨ੍ਹਾਂ ਦਾ ਧਿਆਨ ਅਪਣੇ ਵੱਲ ਖਿਚਿਆ। ਉਹ ਨੀਲੇ ਰੰਗ ਦੇ ਭੇਦ ਨੂੰ ਜਾਣਨ ਲਈ ਵਾਪਸ ਆ ਕੇ ਰੁੱਝ ਗਏ। 1922 ਵਿਚ ਉਨ੍ਹਾਂ ਨੇ ਇਸ ਸਬੰਧੀ ਖੋਜ ਭਰਪੂਰ ਲੇਖ ਲਿਖੇ ਜੋ ਬਹੁਤ ਪਸੰਦ ਕੀਤੇ ਗਏ। 1922 ਵਿਚ ਹੀ ਕਲਕੱਤਾ ਯੂਨੀਵਰਸਿਟੀ ਨੇ ਆਪ ਨੂੰ ਡੀ.ਐਸ.ਸੀ. ਦੀ ਡਿਗਰੀ ਨਾਲ ਸਨਮਾਨਤ ਕੀਤਾ। 1924 ਵਿਚ ਉਨ੍ਹਾਂ ਦੀਆਂ ਖੋਜਾਂ ਤੋਂ ਪ੍ਰਭਾਵਤ ਹੋ ਕੇ ਰਾਇਲ ਸੁਸਾਇਟੀ ਨੇ ਅਪਣਾ ਫ਼ੈਲੋ ਬਣਾ ਲਿਆ





1924 ਵਿਚ ਬ੍ਰਿਟਿਸ਼ ਐਸੋਸੀਏਸ਼ਨ ਨੇ ਟਰਾਂਟੋ ਮੀਟਿੰਗ ਦੌਰਾਨ ਪ੍ਰਕਾਸ਼ ਵਿਗਿਆਨ ਨਾਲ ਸਬੰਧਤ ਇਕ ਕਾਨਫ਼ਰੰਸ ਦੇ ਉਦਘਾਟਨ ਲਈ ਆਪ ਨੂੰ ਸੱਦਾ ਦਿਤਾ। ਇਸ ਤਰ੍ਹਾਂ ਲਗਭਗ ਦਸ ਮਹੀਨੇ ਇੰਗਲੈਂਡ, ਕੈਨੇਡਾ, ਅਮਰੀਕਾ ਅਤੇ ਨਾਰਵੇ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਵਿਚ ਰਮਨ ਨੇ ਖੋਜ ਪੱਤਰ ਪੜ੍ਹੇ।

ਅਗਲੇ ਤਿੰਨ ਸਾਲ ਲਗਾਤਾਰ ਅਪਣੇ ਸਹਿਯੋਗੀਆਂ ਨਾਲ ਪ੍ਰੋ: ਰਮਨ ਨੇ ਹਵਾ, ਬਰਫ਼ ਤੇ ਹੋਰ ਦ੍ਰਵਾਂ ਅਤੇ ਠੋਸ ਪਦਾਰਥਾਂ ਤੇ ਰੋਸ਼ਨੀ ਦੇ ਖਿੰਡਰਾਉ ਕਾਰਨ ਪੈਦਾ ਹੋਈਆਂ ਕਿਰਨਾਂ ਦਾ ਅਧਿਐਨ ਕੀਤਾ ਅਤੇ 28 ਫ਼ਰਵਰੀ 1928 ਨੂੰ ਇਕ ਵਿਲੱਖਣ ਪ੍ਰਭਾਵ ਦੀ ਖੋਜ ਕੀਤੀ ਜਿਸ ਦਾ ਨਾਂ ਉਸ ਨੇ "ਰਮਨ ਪ੍ਰਭਾਵ" ਰਖਿਆ ਜੋ ਵਿਸ਼ਵ ਭਰ ਵਿਚ ਪ੍ਰਸਿਧ ਹੋਇਆ।

ਇਸ ਖੋਜ ਸਦਕਾ 1928 ਵਿਚ ਇਟਲੀ ਦੀ ਵਿਗਿਆਨ ਪਰੀਸ਼ਦ ਨੇ "ਮੈਂਟਊਸ਼ੀ ਮੈਡਲ' ਨਾਲ ਸਨਮਾਨਤ ਕੀਤਾ। 3 ਜੂਨ 1929 ਨੂੰ ਭਾਰਤ ਸਰਕਾਰ ਨੇ ਸਰ ਦੀ ਉਪਾਧੀ ਦਿਤੀ। 1930 ਵਿਚ ਲੰਡਨ ਦੀ ਰਾਇਲ ਸੁਸਾਇਟੀ ਨੇ ਸੱਭ ਤੋਂ ਵੱਡੇ ਇਨਾਮ "ਹਿਊਜਜ਼ ਮੈਡਲ" ਨਾਲ ਸਨਮਾਨਤ ਕੀਤਾ। ਇਸੇ ਖੋਜ ਕਾਰਨ ਉਨ੍ਹਾਂ ਨੂੰ 10 ਦਸੰਬਰ 1930 ਨੂੰ ਸਵੀਡਨ ਦੀ ਰਾਜਧਾਨੀ ਸਟਾਕਹੋਮ ਵਿਖੇ "ਨੋਬਲ ਇਨਾਮ" ਨਾਲ ਸਨਮਾਨਤ ਕੀਤਾ ਗਿਆ। ਇਥੋਂ ਹੀ ਆਪ ਨੂੰ ਸਵੀਡਨ, ਨਾਰਵੇ, ਡੈਨਮਾਰਕ, ਜਰਮਨੀ ਵਿਖੇ ਭਾਸ਼ਨ ਦੇਣ ਲਈ ਸੱਦੇ ਮਿਲੇ ਤੇ ਸਨਮਾਨ ਦੇਣ ਵਾਲਿਆਂ ਦੀ ਇਕ ਤਰ੍ਹਾਂ ਨਾਲ ਝੜੀ ਲੱਗ ਗਈ। ਅਗਲੇ ਸਾਲ 1931 ਵਿਚ ਬੰਬਈ, ਕਾਂਸ਼ੀ, ਮਦਰਾਸ ਤੇ ਢਾਕਾ ਦੀਆਂ ਯੂਨੀਵਰਸਿਟੀਆਂ ਨੇ ਸਨਮਾਨਤ ਕੀਤਾ।

1933 ਵਿਚ ਉਹ ਅਪਣੇ ਅਹੁਦੇ ਤੋਂ ਸੇਵਾ ਮੁਕਤ ਹੋਏ। 1934 ਵਿਚ ਉਨ੍ਹਾਂ ਨੂੰ ਭਾਰਤੀ ਵਿਗਿਆਨ ਅਕੈਡਮੀ ਦਾ ਪ੍ਰਧਾਨ ਚੁਣਿਆ ਗਿਆ। 1943 ਤਕ ਡਾ. ਰਮਨ ਇੰਡੀਅਨ ਇੰਸਟੀਚਿਊਟ ਆਫ਼ ਬੰਗਲੌਰ ਦੇ ਡਾਇਰੈਕਟਰ ਰਹੇ। ਅਜ਼ਾਦ ਭਾਰਤ ਵਿਚ ਉਹ ਭਾਰਤ ਦੇ ਪਹਿਲੇ ਰਾਸ਼ਟਰੀ ਪ੍ਰੋਫ਼ੈਸਰ ਘੋਸ਼ਿਤ ਕੀਤੇ ਗਏ। 15 ਅਗੱਸਤ 1954 ਨੂੰ ਉਨ੍ਹਾਂ ਨੂੰ ਭਾਰਤ ਰਤਨ ਨਾਲ ਸਨਮਾਨਿਆ ਗਿਆ। 1957 ਵਿਚ ਰੂਸ ਦੁਆਰਾ ਡਾ. ਰਮਨ ਨੂੰ ਅੰਤਰ ਰਾਸ਼ਟਰੀ ਲੈਨਿਨ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਡਾ. ਰਮਨ ਨੇ 360 ਖੋਜ ਪੱਤਰ ਅਤੇ ਚਾਰ ਪੁਸਤਕਾਂ ਲਿਖੀਆਂ। 21 ਨਵੰਬਰ 1970 ਨੂੰ 82 ਸਾਲ ਦੀ ਉਮਰ ਵਿਚ ਡਾ: ਰਮਨ ਅਕਾਲ ਚਲਾਣਾ ਕਰ ਗਏ।

ਅਖੀਰ ਵਿੱਚ ਅਸੀ ਇਹ ਕਹਿ ਸਕਦੇ ਹਾਂ ਕਿ ਪ੍ਰੋ: ਰਮਨ ਇਕ ਮਹਾਨ ਵਿਗਿਆਨੀ ਜਾਂ ਖੋਜਕਾਰ ਹੀ ਨਹੀਂ ਸਨ ਸਗੋਂ ਸੱਭ ਤੋਂ ਉਪਰ ਨੇਕ ਦਿਲ, ਗ਼ਰੀਬਾਂ ਦਾ ਹਮਦਰਦ ਤੇ ਉਚ ਕੋਟੀ ਦੇ ਮਹਾਨ ਇਨਸਾਨ ਵੀ ਸਨ। ਡਾ: ਰਮਨ ਦੀ ਖੋਜ ਜਿਸ ਦਿਨ ਪੂਰੀ ਹੋਈ ਸੀ ਉਸ ਦਿਨ ਨੂੰ ਸਮੁੱਚੇ ਭਾਰਤ ਵਿਚ ਰਾਸ਼ਟਰੀ ਵਿਗਿਆਨ ਦਿਵਸ ਵਜੋਂ ਹਰ ਸਾਲ ਮਨਾਇਆ ਜਾਂਦਾ ਹੈ। ਇਸ ਤਰ੍ਹਾਂ 28 ਫ਼ਰਵਰੀ ਦਾ ਦਿਨ ਉਨ੍ਹਾਂ ਦੀ ਖੋਜ ਨੂੰ ਸਮਰਪਤ ਹੈ ਜਿਸ ਨੂੰ ਰਾਸ਼ਟਰੀ ਵਿਗਿਆਨ ਦਿਵਸ ਨਾਲ ਯਾਦ ਕੀਤਾ ਜਾਂਦਾ ਹੈ।

## ਪ੍ਰਮੁੱਖ ਸਿਆਸੀ ਆਗੂਆਂ ਖਿਲਾਫ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦੇ ਕੇਸ ਦਰਜ



ਫਰੀਦਕੋਟ, 28 ਫਰਵਰੀ (ਪੋਸਟ ਬਿਊਰੋ)- ਇਸ ਵਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਦੇ ਵੱਡੇ ਆਗੂਆਂ ਉੱਤੇ ਚੋਣ ਜ਼ਾਬਤੇ ਦੀ ਉਲੰਘਣਾ ਦੇ ਕੇਸ ਦਰਜ ਹੋਏ ਹਨ।
ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਉੱਤੇ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਹੇਠ ਮਾਨਸਾ ਜ਼ਿਲ੍ਹੇ ਵਿੱਚ ਕੇਸ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਉੱਤੇ ਫਰੀਦਕੋਟ ਜ਼ਿਲੇ ਵਿੱਚ ਚੋਣ ਜ਼ਾਬਤੇ ਦੀ ਉਲੰਘਣਾ ਦਾ ਪਰਚਾ ਦਰਜ ਹੋਇਆ ਹੈ। ਕਾਂਗਰਸ ਛੱਡ ਕੇ ਭਾਜਪਾ ਵਿੱਚ ਗਏ ਰਾਣਾ ਗੁਰਮੀਤ ਸਿੰਘ ਸੋਢੀ ਉੱਤੇ ਵੀ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਚੋਣ ਜ਼ਾਬਤੇ ਦੀ ਉਲੰਘਣਾ ਦਾਕੇਸਦਰਜ ਹੋਇਆ ਹੈ ਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਉੱਤੇ ਵੀ ਪਰਚਾ ਦਰਜ ਕੀਤਾ ਗਿਆ ਹੈ। ਇਸ ਵਾਰ ਚੋਣਾਂ ਵਿੱਚ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਵਰਕਰਾਂ ਉੱਤੇਝਗੜੇ ਦੇਕੇਸ ਦਰਜ ਨਹੀਂ ਹੋਏ ਅਤੇ ਨਾ ਚੋਣਾਂ ਦੌਰਾਨ ਸਿਆਸੀ ਵਰਕਰਾਂ ਦੀ ਆਪਸੀ ਝੜਪ ਦੀਆਂ ਖਬਰਾਂ ਆਈਆਂ ਹਨ।2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ, ਆਮ ਆਦਮੀ ਪਾਰਟੀ ਤੇ ਕਾਂਗਰਸ ਦੇ 240 ਕਾਰਕੁੰਨਾਂ ਖਿਲਾਫ ਚੋਣ ਜ਼ਾਬਤੇ ਦੀ ਉਲੰਘਣਾ ਅਤੇ ਚੋਣਾਂ ਦੌਰਾਨ ਝਗੜਾ ਕਰਨ ਦੇ ਕੇਸ ਦਰਜ ਹੋਏ ਸਨ। ਇਸ ਵਾਰੀ ਵਿਧਾਨ ਸਭਾ ਚੋਣਾਂ ਵਿੱਚ ਫਿਰੋਜ਼ਪੁਰ ਜ਼ਿਲ੍ਹੇ ਦੇ ਦੋ ਭਾਜਪਾ ਵਰਕਰਾਂ ਉੱਤੇ ਹੀ ਪਰਚੇ ਦਰਜ ਹੋਏ ਹਨ।
ਭਾਜਪਾ ਆਗੂ ਐਡਵੋਕੇਟ ਗਗਨਦੀਪ ਸਿੰਘ ਸੁਖੀਜਾ ਨੇ ਕਿਹਾ ਕਿ ਇਸ ਵਾਰ ਚੋਣ ਕਮਿਸ਼ਨ ਨੇ ਚੋਣ ਜ਼ਾਬਤੇ ਦੀ ਸਖਤੀ ਨਾਲ ਪਾਲਣਾ ਕੀਤੀ ਤੇ ਹਰ ਘਟਨਾ ਦੀ ਬਾਕਾਇਦਾ ਵੀਡੀਓਗਰਾਫੀ ਕੀਤੀ ਹੈ, ਇਸ ਕਰ ਕੇ ਵੋਟਰਾਂ ਤੇ ਵਰਕਰਾਂ ਦੀ ਥਾਂ ਲੀਡਰਾਂ ਖਿਲਾਫ ਕੇਸ-ਦਰਜ ਹੋਏ ਹਨ। ਕਰੀਬ 44 ਦਿਨਾਂ ਦੇ ਚੋਣ ਜ਼ਾਬਤੇ ਵਿੱਚ ਉਲੰਘਣਾ ਦੇ 97 ਪਰਚੇ ਦਰਜ ਹੋਏ ਹਨ, ਜਿਨ੍ਹਾਂ ਵਿੱਚੋਂ 27 ਪਰਚੇ ਸਿਆਸੀ ਪਾਰਟੀਆਂ ਦੇ ਆਗੂਆਂ ਖਿਲਾਫ ਅਤੇ ਚਾਲੀ ਕੇਸਅਣਪਛਾਤੇ ਵਿਅਕਤੀਆਂ ਖਿਲਾਫ ਦਰਜ ਕੀਤੇ ਗਏ ਹਨ। ਸਾਰੇ ਕੇਸਾਂ ਵਿੱਚ ਹਾਲੇ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ।

## ਪਾਕਿ ਵੱਲੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਕਾਰੀਡੋਰ ਵਿੱਚ ਆਪਣੇ ਪਾਸੇ ਪੁਲ ਬਣਾਉਣਾ ਸ਼ੁਰੂ



ਅੰਮ੍ਰਿਤਸਰ, 28 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵੱਲ ਜਾਂਦੇ ਕਾਰੀਡੋਰ ਦੇ ਰਾਹ ਉੱਤੇ ਵਗਦੇ ਰਾਵੀ ਦਰਿਆ ਉਪਰ ਪੁਲ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਪਾਕਿ-ਸਤਾਨ ਦਾ ਇਹ ਪੁਲ ਭਾਰਤ ਦੇ ਡੇਰਾ ਬਾਬਾ ਨਾਨਕ ਵੱਲ ਬਣੇ ਪੁਲ ਨਾਲ ਜੋੜਿਆ ਜਾਣਾ ਹੈ।
ਨੈਸ਼ਨਲ ਹਾਈਵੇਜ਼ ਅਥਾਰਟੀ ਵੱਲੋਂ ਕਰਤਾਰਪੁਰ ਕਾਰੀਡੋਰ ਬਣਾਉਣ ਲਈ ਤੈਅ ਕੀਤੀ ਗਈ ਸੀਗਲ ਕੰਪਨੀ ਨੇ ਨੈਸ਼ਨਲ ਹਾਈਵੇਜ਼ 354 ਹੇਠ ਪਿੰਡ ਮਾਨ ਤੋਂ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ ਤਕ 3.6 ਕਿਲੋਮੀਟਰ ਪੁਲ ਦਾ ਕੰਮ ਪਹਿਲਾਂ ਹੀ ਪੂਰਾ ਕਰ ਦਿੱਤਾ ਸੀ। ਭਾਰਤ ਸਰਕਾਰ ਪਾਕਿਸਤਾਨ ਨੂੰ ਉਸ ਪਾਸੇ ਵੱਲ ਪੁਲ ਬਣਾਉਣ ਲਈ ਕਈ ਵਾਰ ਕਹਿ ਚੁੱਕੀ ਸੀ।ਪਾਕਿਸਤਾਨ ਸਰਕਾਰ ਨੇ ਆਪਣੇ ਪਾਸੇ ਪਹਿਲਾਂਮਿੱਟੀ ਨਾਲ ਲਗਭਗ 270 ਮੀਟਰ ਲੰਬੀ ਪੱਕੀ ਸੜਕ ਬਣਾਉਣ ਦੀ ਤਜਵੀਜ਼ ਦਿੱਤੀ ਸੀ। ਭਾਰਤ ਸਰਕਾਰ ਨੇ ਰਾਵੀ ਦਰਿਆ ਦੇ ਪਾਣੀ ਦੀ ਨਿਕਾਸੀ ਭਾਰਤੀ ਖੇਤਰ ਵੱਲ ਹੋਣ ਦੇ ਕਾਰਨ ਭਾਰਤੀ ਤੇ ਪਾਕਿਸਤਾਨੀ ਇੰਜੀਨੀਅਰਾਂ ਵਿੱਚ ਸਮੇਂ-ਸਮੇਂਹੋਈਆਂ ਬੈਠਕਾਂ ਕਰਨ ਦੇ ਬਾਅਦ ਪਾਕਿਸਤਾਨ ਵਾਲੇ ਪਾਸੇ ਪੁਲ ਦਾ ਨਿਰਮਾਣ ਪੂਰੀ ਤੇਜ਼ੀ ਨਾਲ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦੇ ਹੇਠੋਂ ਰਾਵੀ ਦਰਿਆ ਦੇ ਪਾਣੀ ਦਾ ਵਹਾਅ ਨਿਕਲ ਸਕੇਗਾ। ਪਾਕਿਸਤਾਨ ਦੇ ਇੰਜੀਨੀਅਰਾਂਵੱਲੋਂ ਆਪਣੇ ਖੇਤਰ ਵਿੱਚ ਪੁਲ ਬਣਾਉਣ ਦਾ ਕੰਮ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ। ਇਸ ਕਾਰਨ ਨਾਨਕ ਨਾਮ ਲੇਵਾ ਸੰਗਤ ਵਿਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

## ਬੀ ਬੀ ਐਮ ਬੀ ਨੇ ਕਿਹਾ: ਕਿਸੇ ਮੈਂਬਰ ਨੂੰ ਨਹੀਂ ਹਟਾਇਆ ਗਿਆ



ਚੰਡੀਗੜ੍ਹ, 28 ਫਰਵਰੀ (ਪੋਸਟ ਬਿਊਰੋ)- ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਤੇ ਹਰਿਆਣਾ ਦੇ ਸਥਾਈ ਮੈਂਬਰਾਂ ਦੇ ਨਿਯਮਾਂ ਵਿੱਚ ਕੀਤੇ ਬਦਲਾਅ ਬਾਰੇ ਪੰਜਾਬ ਵਿੱਚ ਵਿਵਾਦ ਖੜ੍ਹਾ ਹੋ ਗਿਆ ਹੈ। ਬੀ ਬੀ ਐਮ ਬੀ ਨੇ ਇਸ ਦਾ ਸਪੱਸ਼ਟੀਕਰਨ ਜਾਰੀ ਕਰਦਿਆਂ ਕਿਹਾ ਕਿ ਬੀ ਬੀ ਐਮ ਬੀ ਦੇ ਢਾਂਚੇ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ। ਪਹਿਲਾਂ ਤੋਂ ਮੌਜੂਦ ਕਿਸੇ ਮੈਂਬਰ ਨੂੰ ਨਾ ਹਟਾਇਆ ਗਿਆ ਹੈ ਤੇ ਨਾ ਕੋਈ ਨਵਾਂ ਮੈਂਬਰ ਜੋੜਿਆ ਹੈ, ਸਿਰਫ ਬਿਜਲੀ ਤੇ ਸਿਜਾਈ ਦੇ ਮੈਂਬਰਾਂ ਦੀ ਤਕਨੀਕੀ ਯੋਗਤਾ ਦੇ ਨਿਯਮਾਂ ਨੂੰ ਨੋਟੀਫਾਈ ਕੀਤਾ ਗਿਆ ਹੈ।
ਜਾਰੀ ਕੀਤੇ ਗਏ ਨੋਟੀਫਿਕੇਸ਼ਨ ਮੁਤਾਬਕ ਮੈਂਬਰ (ਸਿੰਜਾਈ) ਅਤੇ ਮੈਂਬਰ (ਬਿਜਲੀ) ਵਜੋਂ ਨਾਮਜ਼ਦ ਪੂਰੇ ਸਮੇਂ ਲਈ ਮੁਖੀ ਤੇ ਦੋ ਪੂਰੇ ਸਮੇਂ ਲਈ ਮੈਂਬਰ ਕੇਂਦਰ ਸਰਕਾਰ ਵੱਲੋਂ ਨਿਯੁਕਤ ਕੀਤੇ ਜਾਣਗੇ, ਜਦ ਕਿ ਪੰਜਾਬ, ਹਰਿਆਣਾ, ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਦੀਆਂ ਸਰਕਾਰਾਂ ਦਾ ਇੱਕ-ਇੱਕ ਮੈਂਬਰ ਸਬੰਧਤ ਸਰਕਾਰ ਜਾਂ ਪ੍ਰਸ਼ਾਸਨ ਵੱਲੋਂ ਨਾਮਜ਼ਦ ਕੀਤਾ ਜਾਵੇਗਾ। ਇਸ ਤੋਂ ਬਿਨਾ ਕੇਂਦਰ ਸਰਕਾਰ ਦੇ ਦੋ ਪ੍ਰਤੀਨਿਧ ਨਾਮਜ਼ਦ ਕੀਤੇ ਜਾਣਗੇ।ਬੀ ਬੀ ਐਮ ਬੀ ਦਾ ਕਹਿਣਾ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਨਿਰਦੇਸ਼, ਜੋ ਜਗਮੋਹਨ ਸਿੰਘ ਬਨਾਮ ਕੇਂਦਰ ਸਰਕਾਰ ਤੇ ਹੋਰਨਾਂ ਦੇ ਕੇਸ ਵਿੱਚ ਦਿੱਤਾ ਗਿਆ ਹੈ, ਨੂੰ ਦੇਖ ਕੇ ਬਿਜਲੀ ਤੇ ਸਿੰਜਾਈ ਮੈਂਬਰਾਂ ਦੀ ਯੋਗਤਾ ਦੇ ਨਿਯਮਨੋਟੀਫਾਈ ਕੀਤੇ ਹਨ। ਇਸ ਤੋਂ ਇਲਾਵਾ ਬਿਜਲੀ ਤੇ ਸਿੰਜਾਈ ਬਾਰੇ ਜੋ ਪਹਿਲਾਂ ਤੋਂ ਨਿਰਧਾਰਤ ਹੈ, ਉਸ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ।

## ਹਥਿਆਰਾਂ ਸਮੇਤ ਲੁਟੇਰਿਆਂ ਦਾ ਗਿਰੋਹ ਕਾਬੂ




ਜਗਰਾਓਂ, 28 ਫਰਵਰੀ (ਪੋਸਟ ਬਿਊਰੋ)- ਕੱਲ੍ਹ ਰਾਤ ਮੋਟਰ ਸਾਈਕਲ ਉੱਤੇ ਜਾਂਦੇ ਇੱਕ ਪਤੀ-ਪਤਨੀ ਨੂੰ ਰੋਕ ਕੇ ਹਥਿਆਰਾਂ ਦੀ ਨੋਕ ਉੱਤੇ ਉਨ੍ਹਾਂ ਨੂੰ ਲੁੱਟ ਕੇ ਭੱਜੇ ਹੋਏ ਨਾਮੀ ਗੈਂਗਸਟਰਾਂ ਦੇ ਗੈਂਗ ਨੂੰ ਪੁਲਸ ਨੇ ਕੁਝ ਘੰਟਿਆਂ ਵਿੱਚ ਹੀ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਗ੍ਰਿਫਤਾਰ ਕੀਤੇ ਗਏ ਚਾਰ ਮੈਂਬਰੀ ਗੈਂਗਸਟਰਾਂ ਦੇ ਗਿਰੋਹ ਕੋਲੋਂ ਦੋ ਪਿਸਤੌਲ ਅਤੇ ਲੁੱਟ ਦਾ ਸਾਮਾਨ ਵੀ ਬਰਾਮਦ ਹੋਇਆ ਹੈ। ਇਨ੍ਹਾਂ ਚਾਰਾਂ ਵਿਰੁੱਧ ਇਰਾਦਾ ਕਤਲ ਤੇ ਕਤਲ ਸਮੇਤ ਸੰਗੀਨ ਧਾਰਾਵਾਂ ਤਹਿਤ 17 ਦੇ ਕਰੀਬ ਮੁਕੱਦਮੇ ਦਰਜ ਹਨ।
ਇਸ ਸਬੰਧ ਵਿੱਚ ਐਸ ਐਸ ਪੀ ਦੱਸਿਆ ਕਿ ਕੱਲ੍ਹ ਰਾਤ ਜਰਨੈਲ ਸਿੰਘ ਉਰਫ ਜੈਲੀ ਵਾਸੀ ਅਖਾੜਾ ਆਪਣੀ ਪਤਨੀ ਨਾਲ ਜਗਰਾਓਂ ਤੋਂ ਪਿੰਡ ਵਾਪਸ ਜਾ ਰਿਹਾ ਸੀ। ਰਸਤੇ ਵਿੱਚ ਉਸ ਨੂੰ ਵਰਨਾ ਕਾਰ ਕੋਲ ਖੜ੍ਹੇ ਚਾਰ ਹਥਿਆਰਬੰਦ ਨੌਜਵਾਨਾਂ ਨੇ ਰੋਕ ਕੇ ਲੁੱਟ ਲਿਆ ਅਤੇ ਕੁੱਟਮਾਰ ਕਰਦੇ ਹੋਏ ਫਰਾਰ ਹੋ ਗਏ। ਪੀੜਤਾਂ ਦੀ ਸ਼ਿਕਾਇਤ ਉੱਤੇ ਸਰਗਰਮ ਹੋਈ ਜ਼ਿਲ੍ਹਾ ਪੁਲਸ ਨੇ ਥਾਂ-ਥਾਂ ਨਾਕੇਬੰਦੀ ਅਤੇ ਗਸ਼ਤ ਸ਼ੁਰੂ ਕਰ ਦਿੱਤੀ।ਪੁਲਸ ਨੇ ਪਿੰਡ ਟੂਸਾ ਨੇੜੇ ਵਰਨਾ ਕਾਰ ਨੂੰ ਘੇਰ ਕੇ ਹਥਿਆਰਾਂ ਨਾਲ ਲੈਸ ਗੈਂਗਸਟਰਾਂ ਨੂੰ ਕਾਬੂ ਕਰ ਲਿਆ। ਗ੍ਰਿਫਤਾਰ ਗੈਂਗਸਟਰ ਹਰਪ੍ਰੀਤ ਸਿੰਘ ਵਾਸੀ ਟੂਸਾ, ਕੁਲਦੀਪ ਸਿੰਘ ਵਾਸੀ ਲਹਿਰਾ, ਜਗਦੀਪ ਸਿੰਘ ਤੇ ਸੁਖਦੀਪ ਸਿੰਘ ਵਾਸੀਆਨ ਪਿੰਡ ਢੋਲਣ ਕੋਲੋਂ ਦੋ ਪਿਸਤੌਲ, ਪੰਜ ਰੌਂਦ, 5600 ਰੁਪਏ, ਮੋਬਾਈਲ ਤੇ ਚਾਂਦੀ ਦਾ ਕੜਾ ਵੀ ਬਰਾਮਦ ਕਰ ਲਿਆ ਹੈ।

## ਪਤੀ ਨੂੰ ਵਿਦੇਸ਼ ਬੁਲਾਉਣ ਦਾ ਝਾਂਸਾ ਦੇ ਕੇ 30 ਲੱਖ ਰੁਪਏ ਠੱਗੇ




ਧੂਰੀ, 28 ਫਰਵਰੀ (ਪੋਸਟ ਬਿਊਰੋ)- ਵਿਦੇਸ਼ ਬੁਲਾਉਣ ਦੇ ਝਾਂਸੇ ਨਾਲ ਤੀਹ ਲੱਖ ਰੁਪਏ ਦੀ ਠੱਗੀ ਕਰਨ ਦੇ ਦੋਸ਼ ਹੇਠ ਥਾਣਾ ਸਦਰ ਧੂਰੀ ਦੀ ਪੁਲਸ ਨੇਇੱਕ ਔਰਤ ਸਮੇਤ ਤਿੰਨ ਜਣਿਆਂ ਖਿਲਾਫ ਧੋਖਾਧੜੀ ਦਾ ਮੁਕੱਦਮਾ ਦਰਜ ਕੀਤਾ ਅਤੇਨਾਮਜ਼ਦ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਕਾਰਵਾਈ ਤੇਜ਼ ਕਰ ਦਿੱਤੀਹੈ।
ਮਿਲੀ ਜਾਣਕਾਰੀ ਅਨੁਸਾਰ ਥਾਣਾ ਸਦਰ ਧੂਰੀ ਦੇ ਪਿੰਡ ਬੁਗਰਾ ਦੇ ਜਗਦੀਪ ਸਿੰਘ ਪੁੱਤਰ ਗੁਰਤੇਜ ਸਿੰਘ ਨੇ ਪੁਲਸ ਨੂੰ ਦਿੱਤੇ ਬਿਆਨ ਵਿੱਚ ਆਪਣੇ ਸਹੁਰੇ ਪਰਵਾਰ ਉੱਤੇ ਧੋਖਾਧੜੀ ਦਾ ਦੋਸ਼ ਲਾ ਕੇ ਕਿਹਾ ਕਿ ਉਸ ਦੀ ਪਤਨੀਅਤੇ ਸਹੁਰੇ ਪਰਵਾਰ ਨੇ ਉਸ ਨੂੰ ਆਸਟਰੇਲੀਆ ਲਿਜਾਣ ਦਾ ਝਾਂਸਾ ਦੇ ਕੇ ਵਿਆਹ ਉੱਤੇ ਸਾਰਾ ਖਰਚ ਕਰਵਾਇਆ ਅਤੇ ਫਿਰ ਵਿਦੇਸ਼ ਜਾਣ ਲਈ ਫੀਸਾਂ ਵੀ ਭਰਵਾਈਆਂ ਅਤੇ ਹੋਰ ਰਕਮ ਦੀ ਮੰਗ ਕੀਤੀ, ਪਰ ਉਸ ਵੱਲੋਂ ਹੋਰ ਰਕਮ ਦੇਣ ਤੋਂ ਜਵਾਬ ਦੇਣ ਉੱਤੇ ਉਸ ਦੀਪਤਨੀ ਲਵਪ੍ਰੀਤ ਕੌਰ ਨੇ ਉਸ ਨੂੰ ਆਸਟਰੇਲੀਆ ਸੱਦਣ ਤੋਂ ਮਨ੍ਹਾ ਕਰ ਦਿੱਤਾ ਤੇ ਤਲਾਕ ਦੀ ਮੰਗ ਕੀਤੀ ਹੈ। ਸਦਰ ਪੁਲਸ ਧੂਰੀ ਨੇ ਪਿੰਡ ਭੋਤਨਾ (ਜ਼ਿਲ੍ਹਾ ਬਰਨਾਲਾ) ਵਾਸੀ ਜਗਪ੍ਰੀਤ ਦੀ ਘਰਵਾਲੀ ਲਵਪ੍ਰੀਤ ਕੌਰ, ਸਹੁਰੇ ਗੁਰਚੇਤਨ ਸਿੰਘ ਤੇ ਸਾਲੇ ਗੁਰਹੰਸਦੀਪ ਸਿੰਘ ਖਿਲਾਫ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ।




## ਟਰਾਲੇ ਦੀ ਟੱਕਰ ਕਾਰਨ ਮੋਟਰ ਸਾਈਕਲ ਸਵਾਰ ਦੋ ਜਣੇ ਜ਼ਖਮੀ

ਮੋਗਾ, 28 ਫਰਵਰੀ (ਪੋਸਟ ਬਿਊਰੋ)- ਭਰੇ ਟਰਾਲੇ ਦੀ ਲਪੇਟ ਵਿੱਚ ਆ ਕੇ ਮੋਟਰ ਸਾਈਕਲ ਸਵਾਰ ਦੋ ਜਣੇ ਗੰਭੀਰ ਜ਼ਖਮੀ ਹੋ ਗਏ। ਇਨ੍ਹਾਂ ਵਿੱਚੋਂ ਇੱਕ ਵਿਅਕਤੀ ਨੂੰ ਪੀ ਜੀ ਆਈ ਚੰਡੀਗੜ੍ਹ ਅਤੇ ਇੱਕ ਵਿਅਕਤੀ ਨੂੰ ਮੋਗਾ ਦੇ ਪ੍ਰਾਈਵੇਟ ਹਸਪਤਾਲ ਵਿੱਚ ਦਾਖਲ ਕਰਾਇਆ ਹੈ।ਪੁਲਸ ਨੇ ਟਰੈਕਟਰ ਟਰਾਲੇ ਚਾਲਕ ਉੱਤੇ ਕੇਸ ਦਰਜ ਕੀਤਾ ਹੈ।
ਦਲਜੀਤ ਸਿੰਘ ਪਿੰਡ ਦੌਧਰ ਸ਼ਰਕੀ ਨੇ ਪੁਲਸ ਨੂੰ ਦਿੱਤੇ ਬਿਆਨ ਵਿੱਚ ਕਿਹਾ ਕਿ ਪੰਜ ਫਰਵਰੀ ਸ਼ਾਮ ਸੱਤ ਵਜੇ ਉਸ ਦਾ ਭਰਾ ਬਲਜੀਤ ਸਿੰਘ ਅਤੇ ਜਸਵਿੰਦਰ ਸਿੰਘ ਪਿੰਡ ਨੰਗਲ ਮੋਟਰ ਸਾਈਕਲ ਉੱਤੇ ਪਿੰਡ ਭਿੰਡਰ ਕਲਾਂ ਤੋਂ ਪਿੰਡ ਦੌਧਰ ਸ਼ਿਰਕੀ ਜਾ ਰਹੇ ਸੀ। ਜਦ ਉਹ ਪਿੰਡ ਢੁੱਡੀਕੇ ਦੀ ਲਿੰਕ ਰੋਡ ਉੱਤੇ ਪੁੱਜੇ ਤਾਂ ਇੱਕ ਸਵਰਾਜ ਟਰੈਕਟਰ ਮਿਲਿਆ, ਜਿਸ ਦੇ ਪਿੱਛੇ ਭੁੰਗ ਵਾਲਾ ਟਰਾਲਾ ਟੋਅ ਕੀਤਾ ਸੀ। ਜਦ ਉਸ ਦੇ ਭਰਾ ਦਾ ਮੋਟਰ ਸਾਈਕਲ ਟਰੈਕਟਰ ਦੇ ਬਰਾਬਰ ਗਿਆ ਤਾਂ ਟਰੈਕਟਰ ਚਾਲਕ ਨੇ ਲਾਪਰਵਾਹੀ ਤੇ ਤੇਜ਼ ਰਫਤਾਰ ਨਾਲ ਚਲਾ ਕੇ ਇਕਦਮ ਟਰੈਕਟਰ ਨੂੰ ਕੱਟ ਦਿੱਤਾ, ਜਿਸ ਕਾਰਨ ਉਸ ਦੇ ਭਰਾ ਦਾ ਮੋਟਰ ਸਾਈਕਲ ਟਰਾਲੇ ਨਾਲ ਟਕਰਾਅ ਗਿਆ ਅਤੇ ਦੋਵੇਂ ਮੋਟਰ ਸਾਈਕਲ ਸਵਾਰ ਗੰਭੀਰ ਜ਼ਖਮੀ ਹੋ ਗਏ। ਉਸ ਦੇ ਭਰਾ ਨੂੰ ਮੈਡੀਸਿਟੀ ਹਸਪਤਾਲ ਵਿਖੇ ਦਾਖਲ ਕਰਾ ਦਿੱਤਾ ਗਿਆ ਅਤੇ ਜਸਵਿੰ-ਦਰ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਦਾਖਲ ਕਰਾਇਆ, ਜਿੱਥੇ ਉਸ ਦੀ ਹਾਲਤ ਨੂੰ ਵੇਖਦਿਆਂ ਪੀ ਜੀ ਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ ਹੈ। ਪੁਲਸ ਨੇ ਚਾਲਕ ਹਰਦੀਪ ਸਿੰਘ ਪੁੱਤਰ ਨਛੱਤਰ ਸਿੰਘ ਵਾਸੀ ਚੱਕ ਭਾਈਕਾ ਥਾਣਾ ਹਠੂਰ ਜ਼ਿਲ੍ਹਾ ਲੁਧਿਆਣਾ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

## ਵਿਧਾਨ ਸਭਾ ਚੋਣਾਂ: ਪੰਜਾਬ ਦੀ ਅਫਸਰਸ਼ਾਹੀ 'ਤੇਲ ਦੇਖੋ, ਤੇਲ ਦੀ ਧਾਰ ਦੇਖੋ' ਵਾਲੀ ਨੀਤੀ ਉੱਤੇ ਖੜੋਤੀ

ਬਠਿੰਡਾ, 28 ਫਰਵਰੀ (ਪੋਸਟ ਬਿਊਰੋ)- ਬੀਤੀ ਵੀਹ ਫਰਵਰੀ ਨੂੰ ਪੰਜਾਬ ਵਿਧਾਨ ਸਭਾ ਲਈ ਪਈਆਂ ਵੋਟਾਂ ਦਾ ਰੁਝਾਨ ਕਿਸੇ ਇੱਕ ਪਾਰਟੀ ਵੱਲ ਨਾ ਆਉਂਦਾ ਦੇਖ ਕੇ ਸੂਬੇ ਦੀ ਅਫਸਰਸ਼ਾਹੀ ਨੇ ਚੁੱਪੀ ਧਾਰ ਲਈ ਹੈ। ਅਜਿਹਾ ਸਾਲ 2012 ਤੋਂ ਬਾਅਦ ਦੂਜੀ ਵਾਰ ਦੇਖਣ ਨੂੰ ਮਿਲਿਆ ਹੈ, ਜਦ ਚੋਣ ਮਾਹਰ ਇਸ ਦੀ ਭਵਿੱਖਬਾਣੀ ਕਰਨ ਤੋਂ ਬਚ ਰਹੇ ਹਨ। ਖਾਸ ਗੱਲ ਇਹ ਹੈ ਕਿ ਇੱਕ ਹਫਤਾ ਪਹਿਲਾਂ ਤਕ ਭਾਰੀ ਬਹੁਮਤ ਨਾਲ ਦਿੱਲੀ ਤੋਂ ਬਾਅਦ ਪੰਜਾਬ ਵਿੱਚ ਆਪਣੀ ਸਰਕਾਰ ਬਣਾਉਣ ਦਾ ਦਾਅਵਾ ਕਰਨ ਵਾਲੇ ਆਮ ਆਦਮੀ ਪਾਰਟੀ ਦੇ ਸਮਰਥਕ ਵੀ ਚੁੱਪ ਹੋਏ ਪਏ ਹਨ। ਚਰਨਜੀਤ ਸਿੰਘ ਚੰਨੀ ਦੇ ਸਿਰ ਉੱਤੇ ਪੰਜਾਬ ਵਿੱਚ ਮੁੜ ਸਰਕਾਰ ਬਣਾਉਣ ਦੀ ਆਸ ਲਾਈ ਬੈਠੇ ਕਾਂਗਰਸੀ ਵੀ ਸ਼ਸ਼ੋਪੰਜ ਵਿੱਚ ਹਨ ਕਿ ਅਕਾਲੀਆਂ ਲਈ ਪਿਛਲੀਆਂ ਚੋਣਾਂ ਦੇ ਮੁਕਾਬਲੇ ਬਿਹਤਰ ਪ੍ਰਦਰਸ਼ਨ ਹੋ ਸਕਦਾ ਹੈ।
ਵਰਨਣ ਯੋਗ ਹੈ ਕਿ ਚੋਣ ਜ਼ਾਬਤਾ ਲੱਗਣ ਤੋਂ ਚੋਣ ਨਤੀਜੇ ਦੇ ਆਉਣ ਤਕ ਅਫਸਰਸ਼ਾਹੀ ਹਵਾ ਦੇ ਰੁਖ਼ ਅਨੁਸਾਰ ਅਗਲੀ ਸਰਕਾਰ ਵਿੱਚ ਆਪਣੀਆਂ ਨਿਯੁਕਤੀਆਂ ਲਈ ਭੱਜ ਦੌੜ ਕਰਦੀ ਦੇਖੀ ਜਾਂਦੀ ਅਤੇ ਸੰਭਾਵੀ ਸਰਕਾਰ ਬਣਾਉਣ ਵਾਲੀ ਪਾਰਟੀ ਦੇ ਆਗੂਆਂ ਨਾਲ ਤਾਲਮੇਲ ਬਿਠਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਜਾਂਦੀਆਂ ਹਨ, ਪ੍ਰੰਤੂ ਮੌਜੂਦਾ ਸਥਿਤੀ ਵਿੱਚ ਸਭ ਤੋਂ ਰੌਸ਼ਨ ਦਿਮਾਗ ਮੰਨੀ ਜਾਂਦੀ ਅਫਸਰਸ਼ਾਹੀ ਵੀ 'ਤੇਲ ਦੇਖੋ ਤੇ ਤੇਲ ਦੀ ਧਾਰ ਦੇਖੋ' ਦੀ ਨੀਤੀ ਉੱਤੇ ਚੱਲਣ ਲਈ ਮਜਬੂਰ ਦਿਖਾਈ ਦੇ ਰਹੀ ਹੈ।ਪੰਜਾਬ ਦੇ ਇੱਕ ਚੋਟੀ ਦੇ ਅਫਸਰ ਨੇ ਕਿਹਾ ਕਿ "ਸਿਆ-ਸਤ ਗੁੰਝਲਦਾਰ ਹੋ ਗਈ ਹੈ ਤੇ ਵੋਟਰ ਸਿਆਣੇ ਹੋ ਗਏ ਹਨ। ਇਸ ਹਾਲਤ ਵਿੱਚ ਕੋਈ ਵੀ ਸਮਝਦਾਰ ਅਧਿਕਾਰੀ ਕਿਸੇ ਇੱਕ ਪਾਸੇ ਜਾ ਕੇ ਆਪਣੇ ਲਈ ਮੁਸੀਬਤ ਖੜ੍ਹੀ ਕਰਨ ਬਾਰੇ ਨਹੀਂ ਸੋਚ ਸਕਦਾ।" ਕੁਝ ਸਮਾਂ ਪਹਿਲਾਂ ਤਕ ਬਠਿੰਡਾ ਵਿੱਚ ਰਹੇ ਇਕ ਅਧਿਕਾਰੀ ਵੱਲੋਂ ਸੂਬੇ ਵਿੱਚ ਬਣਨ ਵਾਲੀ ਸੰਭਾਵੀਂ ਸਰਕਾਰ ਤੇ ਬਠਿੰਡੇ ਵਾਲੇ ਆਗੂ ਬਾਰੇ ਪੱਤਰਕਾਰਾਂ ਨਾਲ ਵਾਰ-ਵਾਰ ਤਾਲਮੇਲ ਕਰ ਕੇ ਪੁੱਛਣ ਦੀ ਸੂਚਨਾ ਹੈ। ਇਸੇ ਤਰ੍ਹਾਂ ਇਕ ਅਧਿਕਾਰੀ ਨੇ ਆਪਣਾ ਤਜਰਬਾ ਦੱਸਦਿਆਂ ਕਿਹਾ ਕਿ ਚੋਣ ਮੌਸਮ ਵਿੱਚ ਦਹਾਕਾ ਪਹਿਲਾਂ ਤਕ ਕਿਸ ਪਾਰਟੀ ਦੀ ਸਰਕਾਰ ਆਉਣੀ ਹੈ ਤੇ ਕਿਹੜਾ ਨੇਤਾ ਜਿੱਤਦਾ ਹੈ, ਦੇ ਬਾਰੇ ਸਪੱਸ਼ਟ ਪਤਾ ਲੱਗ ਜਾਂਦਾ ਸੀ, ਪਰ ਪੰਜਾਬ ਦੇ ਚੋਣ ਮੈਦਾਨ ਵਿੱਚ ਆਮ ਆਦਮੀ ਪਾਰਟੀ ਦੇ ਆਉਣ ਨਾਲ ਭੰਬਲਭੂਸਾ ਪੈਦਾ ਹੋ ਗਿਆ ਹੈ। ਉਸ ਨੇ ਇਹ ਵੀ ਗੱਲ ਮੰਨੀ ਕਿ ਰਵਾਇਤੀ ਪਾਰਟੀਆਂ ਦੇ ਆਗੂ ਅਧਿਕਾਰੀਆਂ ਨਾਲ ਛੇਤੀ ਅਡਜੈਸਟ ਕਰ ਲੈਂਦੇ ਹਨ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂ ਇਨ੍ਹਾਂ ਦੇ ਆਗੂਆਂ ਦਾ ਰੁਖ ਦੇਖਣ ਵਾਲਾ ਹੋਵੇਗਾ। ਬਠਿੰਡਾ ਜ਼ਿਲ੍ਹੇ ਨਾਲ ਸਬੰਧਤ ਇੱਕ ਸਾਬਕਾ ਅਕਾਲੀ ਵਿਧਾਇਕ ਨੇ ਇਸ ਗੱਲ ਨੂੰ ਮੰਨਦਿਆਂ ਕਿਹਾ ਕਿ "ਕੁਝ ਸਮਾਂ ਪਹਿਲਾਂ ਚੋਣਾਂ ਦੌਰਾਨ ਅਫਸਰ ਚੰਗੀਆਂ ਪੋਸਟਾਂ ਲਈ ਜਿੱਤ ਰਹੀ ਪਾਰਟੀ ਦੇ ਆਗੂਆਂ ਦੀ ਹਾਜ਼ਰੀ ਭਰਨ ਲੱਗ ਜਾਂਦੇ ਸਨ, ਪ੍ਰੰਤੂ ਇਸ ਵਾਰੀ ਅਜਿਹਾ ਨਹੀਂ ਦੇਖਣ ਨੂੰ ਮਿਲ ਰਿਹਾ।"ਕਾਂਗਰਸ ਦੇ ਇੱਕ ਸਿਰਕੱਢ ਆਗੂ ਨੇ ਵੀ ਹੈਰਾਨੀ ਜ਼ਾਹਰ ਕਰਦਿਆਂ ਕਿਹਾ ਕਿ ਚੋਣਾਂ ਦੇ ਦਿਨਾਂ ਤੋਂ ਅਫਸਰਾਂ ਦਾ ਵਤੀਰਾ ਬਦ-ਲਿਆ ਜਾਪਦਾ ਹੈ, ਜਦੋਂ ਕਿ ਆਮ ਆਦਮੀ ਪਾਰਟੀ ਦੇ ਆਗੂ ਨੇ ਇਸ ਮਾਮਲੇ ਵਿੱਚ ਨਵੇਂ ਹੋਣ ਦਾ ਦਾਅਵਾ ਕਰਦਿਆਂ ਕਿਹਾ ਕਿ ਜੇ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆ ਗਈ ਤਾਂ ਅਫਸਰਸ਼ਾਹੀ ਨੂੰ ਇੱਕ ਨਵਾਂ ਤਜਰਬਾ ਦੇਖਣ ਨੂੰ ਮਿਲੇਗਾ।

## ਅਕਾਲੀ ਉਮੀਦਵਾਰ ਬੱਬੇਹਾਲੀ ਵੱਲੋਂ ਚੋਣ ਕਮਿਸ਼ਨ ਕੋਲ ਡੀ ਐਸ ਪੀ ਦੀ ਸ਼ਿਕਾਇਤ

ਗੁਰਦਾਸਪੁਰ, 28 ਫਰਵਰੀ (ਪੋਸਟ ਬਿਊਰੋ)- ਵਿਧਾਨ ਸਭਾ ਹਲਕਾ ਗੁਰਦਾਸਪੁਰ ਤੋਂ ਅਕਾਲੀ ਦਲ-ਬਸਪਾ ਗੱਠਜੋੜ ਦੇ ਉਮੀਦਵਾਰ ਗੁਰਬਚਨ ਸਿੰਘ ਬੱਬੇਹਾਲੀ ਨੇ ਭਾਰਤ ਦੇ ਮੁੱਖ ਚੋਣ ਕਮਿਸ਼ਨ ਨੂੰ ਡੀ ਐਸ ਪੀ ਰੈਂਕ ਦੇ ਇੱਕ ਅਧਿਕਾਰੀਵਿਰੁੱਧ ਕਾਂਗਰਸ ਦੀ ਮਦਦ ਕਰਨ ਸਬੰਧੀ ਸ਼ਿਕਾਇਤ ਕੀਤੀ ਹੈ।
ਬੱਬੇਹਾਲੀ ਨੇ ਕਿਹਾ ਕਿ ਗੁਰਦਾਸਪੁਰ ਵਿੱਚ ਤੈਨਾਤ ਇਸ ਅਧਿਕਾਰੀ ਨੇ ਚੋਣਾਂ ਵਿੱਚ ਸਿੱਧੇ-ਅਸਿੱਧੇ ਤਰੀਕੇ ਨਾਲ ਕਾਂਗਰਸੀ ਉਮੀਦਵਾਰ ਦੀ ਮਦਦ ਕੀਤੀ ਸੀ। ਇਸ ਬਾਰੇ ਪੰਜਾਬ ਦੇ ਮੁੱਖ ਚੋਣ ਕਮਿਸ਼ਨਰ ਕੋਲ ਸ਼ਿਕਾਇਤ ਵੀ ਕੀਤੀ ਸੀ, ਪਰ ਚੋਣ ਕਮਿਸ਼ਨ ਨੇ ਕਾਂਗਰਸ ਦੇ ਦਬਾਅ ਹੇਠ ਹੋਣ ਕਾਰਨ ਕਾਰਵਾਈ ਨਹੀਂ ਕੀਤੀ।ਉਨ੍ਹਾਂ ਕਿਹਾ ਕਿ ਚੋਣ ਡਿਊਟੀ ਦੇਣ ਵਾਲੇ ਪੁਲਸ ਮੁਲਾਜ਼ਮਾਂ ਦੀਆਂ ਸੱਤ ਮਾਰਚ ਤਕ ਬੈਲੇਟ ਪੇਪਰ ਰਾਹੀਂ ਵੋਟਾਂ ਪੈਣ ਦੀ ਪ੍ਰਕਿਰਿਆ ਸ਼ੁਰੂ ਹੋਈ ਹੈ ਤਾਂ ਪੁਲਸ ਵਾਲਿਆਂ ਨੂੰ ਕਾਫੀ ਦਿੱਕਤ ਆ ਰਹੀ ਹੈ ਕਿਉਂਕਿ ਵੋਟ ਵੇਲੇ ਉਨ੍ਹਾਂ ਦੀ ਤਸਦੀਕ ਗਜ਼ਟਿਡ ਅਧਿਕਾਰੀ ਨੇ ਕਰਨੀ ਹੁੰਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਹ ਅਫਸਰ ਕਰਮਚਾਰੀਆਂ ਨੂੰ ਤਸਦੀਕ ਕਰਨ ਸਮੇਂ ਧਮਕਾ ਕੇ ਕਾਂਗਰਸ ਦੇ ਹੱਕ ਵਿੱਚ ਵੋਟਾਂ ਪਵਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਅਫਸਰ ਦੀ ਸ਼ਿਕਾਇਤ ਭਾਰਤ ਦੇ ਮੁੱਖ ਚੋਣ ਕਮਿਸ਼ਨ ਨੂੰ ਕਰ ਕੇ ਮੰਗ ਕੀਤੀ ਹੈ ਕਿ ਉਸ ਦਾ ਤਬਾਦਲਾ ਓਥੇ ਕੀਤਾ ਜਾਵੇ, ਜਿੱਥੇ ਪਬਲਿਕ ਡੀਲਿੰਗ ਨਾ ਹੋਵੇ।

# ਜਰਮਨੀ ਤੇ ਬ੍ਰਿਟੇਨ ਵਿੱਚ ਲੱਖਾਂ ਲੋਕਾਂ ਵੱਲੋਂ ਰੂਸ ਖਿਲਾਫ ਪ੍ਰਦਰਸ਼ਨ



ਬਰਲਿਨ/ਲੰਡਨ, 28 ਫਰਵਰੀ (ਪੋਸਟ ਬਿਊਰੋ)- ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਹਮਲੇ ਦੇ ਵਿਰੋਧ ਅਤੇ ਯੂਕਰੇਨੀ ਲੋਕਾਂ ਨਾਲ ਇਕਜੁੱਟਤਾ ਲਈ ਜਰਮਨੀ ਤੇ ਇੰਗਲੈਂਡ ਵਿੱਚ ਕੱਲ੍ਹ ਲੱਖਾਂ ਲੋਕਾਂ ਨੇ ਜ਼ੋਰਦਾਰ ਪ੍ਰਦਰਸ਼ਨ ਕੀਤੇ।

ਬ ਰਲਿਨ ਵਿੱਚ ਕਰੀਬ ਇੱਕ ਲੱਖ ਲੋਕਾਂ ਨੇ ਪ੍ਰਦਰਸ਼ਨ ਵਿੱਚ ਹਿੱਸਾ ਲਿਆ। ਸੈਂਟਰਲ ਬਰਲਿਨ ਦੇ ਬਰੈਂਡਨਬਰਗ ਗੇਟ ਦੇ ਦੁਆਲੇ ਲੋਕ ਜੁੜੇ ਹੋਏ ਸਨ। ਕੱਲ੍ਹ ਹੋਇਆ ਪ੍ਰਦਰਸ਼ਨ ਸ਼ਾਂਤਮਈ ਰਿਹਾ, ਜਿਸ ਵਿੱਚ ਬਹੁਤੇ ਪਰਵਾਰ ਅਤੇ ਬੱਚੇ ਵੀ ਹਾਜ਼ਰ ਸਨ। ਲੋਕਾਂ ਨੇ ਆਪਣੀ ਹਮਾਇਤ ਦਿੰਦਿਆਂ ਯੂਕਰੇਨ ਦੇ ਝੰਡੇ ਲਹਿਰਾਏ। ਕੁਝ ਲੋਕਾਂ ਨੇ ਤਖਤੀਆਂ ਫੜੀਆਂ ਹੋਈਆਂ ਸਨ, ਜਿਨ੍ਹਾਂ ਉੱਤੇ 'ਯੂਕਰੇਨ ਤੋਂ ਲਾਂਭੇ ਹੋਵੋ', 'ਪੁਤਿਨ ਆਪਣਾ ਇਲਾਜ ਕਰਵਾਓ' ਅਤੇ 'ਯੂਕਰੇਨ ਤੇ ਦੁਨੀਆ ਨੂੰ ਸ਼ਾਂਤੀ ਲਈ ਛੱਡ ਦਿਓ' ਲਿਖਿਆ ਹੋਇਆ ਸੀ। ਬਰਲਿਨ ਵਿੱਚ ਵਿਗਿਆਨੀ ਵਜੋਂ ਕੰਮ ਕਰਦੀ ਬੀਟੇ ਸ਼ਮਿਡ ਨੇ ਕਿਹਾ ਕਿ ਯੂਕਰੇਨ ਵਿੱਚ ਭੈਣਾਂ, ਭਰਾਵਾਂ, ਪੁੱਤਰਾਂ ਅਤੇ ਪਤੀਆਂ ਨੂੰ ਰੂਸ ਖਿਲਾਫ ਲੜਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਗਮਗੀਨ ਮਾਹੌਲ ਹੈ, ਜਿਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਸੀ।

ਓਧਰ ਬ੍ਰਿਟੇਨ ਦੇ ਕਈ ਹਿੱਸਿਆਂ ਵਿੱਚ ਹਜ਼ਾਰਾਂ ਲੋਕਾਂ ਨੇ ਰੈਲੀਆਂ ਕੱਢੀਆਂ। ਲੰਡਨ ਵਿੱਚ ਰੂਸ ਦੇ ਦੂਤਘਰ ਉੱਤੇ ਲੋਕਾਂ ਨੇ ਆਂਡੇ ਸੁੱਟੇ ਤੇ ਦੀਵਾਰਾਂ ਉੱਤੇ ਜੰਗ ਖਤਮ ਕਰਨ ਦੇ ਨਾਅਰੇ ਲਿਖ ਦਿੱਤੇ। ਲੰਡਨ ਵਿੱਚ ਸ਼ਨੀਵਾਰ ਨੂੰ ਡਾਊਨਿੰਗ ਸਟਰੀਟ, ਮੈਨਚੈਸਟਰ ਅਤੇ ਐਡਿਨਬਰਾ ਵਿੱਚ ਪ੍ਰਦਰਸ਼ਨ ਹੋਏ ਸਨ। ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਕਿਹਾ ਕਿ ਕੌਮਾਂਤਰੀ ਭਾਈਵਾਲਾਂ ਨਾਲ ਮਿਲ ਕੇ ਉਨ੍ਹਾਂ ਰੂਸ ਨੂੰ ਸੰਸਾਰ ਵਿੱਤੀ ਪ੍ਰਣਾਲੀ ਤੋਂ ਕੱਢਣ ਲਈ ਕਾਰਵਾਈ ਕੀਤੀ ਹੈ। ਉਨ੍ਹਾਂ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਸਾਰੇ ਰਲ ਕੇ ਕੰਮ ਕਰਨ ਤਾਂ ਜੋ ਪੁਤਿਨ ਨੂੰ ਜੰਗ ਦੀ ਕੀਮਤ ਚੁਕਾਉਣੀ ਪਵੇ। ਬ੍ਰਿਟੇਨ ਦੀ ਵਿਦੇਸ਼ ਮੰਤਰੀ ਲਿਜ਼ ਟਰੱਸ ਨੇ ਕਿਹਾ ਕਿ ਸਰਕਾਰ ਹਰ ਉਸ ਬ੍ਰਿਟਿਸ਼ ਨਾਗਰਿਕ ਦੀ ਹਮਾਇਤ ਕਰੇਗੀ, ਜੋ ਰੂਸੀਆਂ ਖਿਲਾਫ ਲੜਾਈ ਵਿੱਚ ਯੂਕਰੇਨ ਦੇ ਲੋਕਾਂ ਨਾਲ ਸ਼ਾਮਲ ਹੋਣਾ ਚਾਹੁੰਦੇ ਅਤੇ ਖੁਦ ਇਹ ਫੈਸਲਾ ਲੈ ਸਕਦੇ ਹਨ।

# ਯੂਕਰੇਨ ਵਿੱਚ ਤਿਰੰਗਾ ਭਾਰਤੀ ਵਿਦਿਆਰਥੀਆਂ ਦੀ ਢਾਲ ਬਣਿਆ

* ਭਾਰਤੀ ਨਾਗਰਿਕਾਂ ਦੀ ਸੁਰੱਖਿਆ ਲਈ ਠੋਸ ਕਦਮ ਚੁੱਕਾਂਗੇ : ਪੁਤਿਨ



ਨਵੀਂ ਦਿੱਲੀ, 28 ਫਰਵਰੀ (ਪੋਸਟ ਬਿਊਰੋ)- ਰੂਸ ਤੇ ਯੂਕਰੇਨ ਵਿਚਾਲੇ ਚੱਲਦੀ ਜੰਗ ਦੌਰਾਨ ਭਾਰਤ ਦਾ ਤਿਰੰਗਾ ਝੰਡਾ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਢਾਲ ਬਣਿਆ ਹੋਇਆ ਹੈ। ਹਰ ਪਾਸੇ ਤਬਾਹੀ ਅਤੇ ਡਰ ਦੇ ਮਾਹੌਲ ਦੌਰਾਨ ਸਭ ਤੋਂ ਵੱਡੀ ਗੱਲ ਇਹ ਹੈ ਕਿ ਭਾਰਤੀ ਵਿਦਿਆਰਥੀ ਤਿਰੰਗੇ ਹੇਠ ਸੁਰੱਖਿਅਤ ਦੇਸ਼ ਮੁੜ ਰਹੇ ਹਨ।

ਪਤਾ ਲੱਗਾ ਹੈ ਕਿ ਯੂਕਰੇਨ ਤੋਂ ਨਿਕਲਣ ਵੇਲੇ ਦੂਸਰੇ ਦੇਸ਼ਾਂ ਦੀਆਂ ਸਰਹੱਦਾਂ ਉੱਤੇ ਪਹੁੰਚ ਰਹੇ ਵਿਦਿਆਰਥੀਆਂ ਦੀਆਂ ਬੱਸਾਂ ਤੇ ਹੋਰ ਵਾਹਨਾਂ ਉੱਤੇ ਤਿਰੰਗੇ ਝੰਡੇ ਲਾਏ ਗਏ ਅਤੇ ਬੱਸਾਂ ਅਤੇ ਵਾਹਨਾਂ ਉੱਤੇ ਭਾਰਤ ਸਰਕਾਰ ਦੇ ਹੁਕਮਾਂ ਦੀ ਕਾਪੀ ਚਿਪਕਾਈ ਗਈ ਹੈ। ਤਿਰੰਗੇ ਝੰਡੇ ਨੂੰ ਦੇਖ ਕੇ ਰੂਸੀ ਫੌਜ ਦੇ ਜਵਾਨ ਸਨਮਾਨ ਕਰਦੇ ਅਤੇ ਵਿਦਿਆਰਥੀਆਂ ਨੂੰ ਸੁਰੱਖਿਅਤ ਉਨ੍ਹਾਂ ਦੀ ਮੰਜ਼ਿਲ ਵੱਲ ਭੇਜ ਦੇਂਦੇ ਹਨ। ਰੂਸੀ ਫੌਜ ਖੁਦ ਭਾਰਤੀ ਝੰਡੇ ਵਾਲੇ ਵਾਹਨਾਂ ਨੂੰ ਕੱਢਣ ਵਿੱਚ ਮਦਦ ਕਰ ਰਹੀ ਹੈ। ਭਾਰਤ ਮੁੜੇ ਇੱਕ ਵਿਦਿਆਰਥੀ ਨੇ ਦੱਸਿਆ ਕਿ ਭਾਰਤੀ ਝੰਡੇ ਦੇਖ ਕੇ ਬੱਸਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਜਾਣ ਦਿੱਤਾ ਜਾਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਇਸ ਸੰਬੰਧ ਵਿੱਚ ਗੱਲ ਕੀਤੀ ਤਾਂ ਯੂਕਰੇਨ ਵਿੱਚ ਫਸੇ ਭਾਰਤੀਆਂ ਦੀ ਸੁਰੱਖਿਆ ਬਾਰੇ ਚਿੰਤਾ ਪ੍ਰਗਟ ਕੀਤੀ ਸੀ। ਰੂਸ ਦੇ ਰਾਸ਼ਟਰਪਤੀ ਨੇ ਭਰੋਸਾ ਦਿੱਤਾ ਸੀ ਕਿ ਉਹ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਲਈ ਠੋਸ ਕਦਮ ਚੁੱਕਣਗੇ।

## ਸਿੱਖ ਵਿਦਿਆਰਥਣ ਨੂੰ ਪੱਗ ਬੰਨ੍ਹ ਕੇ ਕਲਾਸ ਵਿੱਚ ਜਾਣ ਦੀ ਇਜਾਜ਼ਤ ਮਿਲੀ



ਬੰਗਲੌਰ, 28 ਫਰਵਰੀ (ਪੋਸਟ ਬਿਊਰੋ)- ਹਿਜਾਬ ਵਿਵਾਦ ਉੱਤੇ ਕਰਨਾਟਕ ਹਾਈ ਕੋਰਟ ਦੇ ਅੰਤ੍ਰਿਮ ਹੁਕਮ ਦਾ ਹਵਾਲਾ ਦੇ ਕੇ ਸੂਬੇ ਦੇ ਇੱਕ ਕਾਲਜ ਨੇ ਇੱਕ ਅੰਮ੍ਰਿਤਧਾਰੀ ਸਿੱਖ ਲੜਕੀ ਨੂੰ ਦਸਤਾਰ ਉਤਾਰਨ ਲਈ ਕਿਹਾ ਸੀ। ਇਸ ਤੋਂ ਬਾਅਦ ਮੰਗਲੂਰ ਦੇ ਇੱਕ ਸਕੂਲ ਨੇ ਪਗੜੀ ਬੰਨ੍ਹ ਕੇ ਆਏ ਇੱਕ ਵਿਦਿਆਰਥੀ ਨੂੰ ਦਾਖਲ ਹੋਣ ਤੋਂ ਰੋਕ ਦਿੱਤਾ।ਇੱਕ ਐਨ ਜੀ ਓ ਦੇ ਦਖਲ ਪਿੱਛੋਂ ਮਾਮਲਾ ਮੁੱਖ ਮੰਤਰੀ ਦੇ ਦਫਤਰ ਦੇ ਧਿਆਨ ਵਿੱਚ ਲਿਆਂਦਾ ਤਾਂ ਉਕਤ ਵਿਦਿਆਰਥਣ ਨੂੰ ਕਲਾਸ ਵਿੱਚ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ।

ਇਹ ਮਾਮਲਾ ਸਾਹਮਣੇ ਆਉਣ ਪਿੱਛੋਂ ਚਾਈਲਡ ਵੈਲਫੇਅਰ ਕਮੇਟੀ (ਸੀ ਡਬਲਯੂ ਸੀ) ਨੇ ਚਾਈਲਡ ਲਾਈਨ ਨੂੰ ਇਸ ਦੀ ਰਿਪੋਰਟ ਦੇਣ ਲਈ ਕਿਹਾ ਹੈ। ਵਰਨਣ ਯੋਗ ਹੈ ਕਿ ਕਰਨਾਟਕ ਦੇ ਮੰਗਲੂਰੂ ਵਿੱਚ ਇੱਕ ਨਿੱਜੀ ਸਕੂਲ ਨੇ ਛੇ ਸਾਲਾ ਸਿੱਖ ਲੜਕੀ ਨੂੰ ਪੱਗ ਬੰਨ੍ਹਣ ਕਾਰਨ ਦਾਖਲ ਹੋਣ ਤੋਂ ਰੋਕ ਦਿੱਤਾ ਸੀ।ਸੀ ਡਬਲਯੂ ਸੀ ਦੇ ਪ੍ਰਧਾਨ ਰੇਨੀ ਡਿਸੂਜ਼ਾ ਨੇ ਕਿਹਾ ਕਿ ਸਿੱਖ ਭਾਈਚਾਰੇ ਦੇ ਵਿਦਿਆਰਥੀਆਂ ਨੂੰ ਪਟਕਾ ਤੇ ਕੜਾ ਪਹਿਨਣ ਦੀ ਇਜਾਜ਼ਤ ਹੈ, ਫਿਰ ਵਿਦਿਆਰਥੀਆਂ ਨੂੰ ਕਲਾਸਾਂ ਵਿੱਚ ਜਾਣ ਤੋਂ ਕਿਉਂ ਰੋਕਿਆ ਗਿਆ। ਇਸ ਮਾਮਲੇ ਨੂੰ ਉਠਾਉਣ ਵਾਲੇ ਐਨ ਜੀ ਓ ਰਾਸ਼ਟਰੀ ਸਿੱਖ ਸੰਗਤ ਦੇ ਬਲਵਿੰਦਰ ਸਿੰਘ ਨੇ ਦੱਸਿਆ ਕਿ ਮਾਪਿਆਂ ਵੱਲੋਂ ਘਟਨਾ ਬਾਰੇ ਐਨ ਜੀ ਓ ਨੂੰ ਦੱਸਣ ਤੋਂ ਬਾਅਦ ਮੁੱਖ ਮੰਤਰੀ ਦਫਤਰ ਨਾਲ ਸੰਪਰਕ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਅਸੀਂ ਸਿੱਖਾਂ ਦੇ ਹੱਕਾਂ ਨੂੰ ਪੇਸ਼ ਕਰਨ ਲਈ ਮੁੱਖ ਮੰਤਰੀ, ਪ੍ਰਾਇਮਰੀ ਤੇ ਸੈਕੰਡਰੀ ਸਿੱਖਿਆ ਮੰਤਰੀ ਬੀ ਸੀ ਨਾਗੇਸ਼ ਨੂੰ ਧੰਨਵਾਦ ਦੇਣਾ ਚਾਹੁੰਦੇ ਹਾਂ।

# ਯੂਕਰੇਨ ਵਿੱਚ ਫਸੀ ਹਰਿਆਣੇ ਦੀ ਬੇਟੀ ਵੱਲੋਂ ਘਰ ਪਰਤਣ ਤੋਂ ਨਾਂਹ

* ਕਿਹਾ, ਮਕਾਨ ਮਾਲਕ ਦੇ ਪਰਵਾਰ ਨੂੰ ਇਕੱਲਾ ਨਹੀਂ ਛੱਡ ਸਕਦੀ




ਚੰਡੀਗੜ੍ਹ, 28 ਫਰਵਰੀ (ਪੋਸਟ ਬਿਊਰੋ)- ਰੂਸ-ਯੂਕਰੇਨ ਦੀ ਜੰਗ ਦੌਰਾਨ ਭਾਰਤੀ ਵਿਦਿਆਰਥੀ ਲਗਾਤਾਰ ਦੇਸ਼ ਪਰਤ ਰਹੇ ਹਨ ਅਤੇ ਜਿਹੜੇ ਪਰਤ ਨਹੀਂ ਸਕਦੇ, ਉਹ ਵੀ ਆਸ ਲਾਈ ਬੈਠੇ ਹਨ। ਭਾਰਤ ਵਿੱਚ ਮਾਤਾ-ਪਿਤਾ ਆਪਣੇ ਬੱਚਿਆਂ ਦੀ ਸਲਾਮਤੀ ਦੀ ਦੁਆ ਕਰਦੇ ਹਨ। ਇਸ ਦੌਰਾਨ ਹਰਿਆਣੇ ਦੀ ਇੱਕ ਬੇਟੀ ਨੇ ਪਰਤਣ ਤੋਂ ਓਦੋਂ ਨਾਂਹ ਕਰ ਦਿੱਤੀ ਹੈ, ਜਦੋਂ ਕਿ ਉਸ ਨੂੰ ਹੋਰਨਾਂ ਵਿਦਿਆਰਥੀਆਂ ਵਾਂਗ ਵਤਨ ਪਰਤਣ ਦਾ ਮੌਕਾ ਮਿਲਿਆ ਸੀ।

ਇਹ ਭਾਰਤੀ ਵਿਦਿਆਰਥਣ ਯੂਕਰੇਨ ਵਿੱਚ ਇੱਕ ਮਕਾਨ ਵਿੱਚ ਕਿਰਾਏ ਉੱਤੇ ਰਹਿੰਦੀ ਹੈ ਅਤੇ ਉਸ ਦੇ ਮਕਾਨ ਮਾਲਕ ਨੇ ਆਪਣੇ ਦੇਸ਼ ਦੀ ਰਾਖੀ ਲਈ ਯੂਕਰੇਨ ਦੀ ਫੌਜ ਨਾਲ ਮਿਲ ਕੇ ਹਥਿਆਰ ਚੁੱਕਣ ਦਾ ਫੈਸਲਾ ਕੀਤਾ ਹੈ, ਪਰ ਆਪਣੇ ਪਿੱਛੇ ਉਹ ਇੱਕ ਪਰਵਾਰਛੱਡ ਗਏ ਹਨ, ਜਿਸ ਵਿੱਚ ਉਨ੍ਹਾਂ ਦੀ ਪਤਨੀ ਤੇ ਤਿੰਨ ਬੱਚੇ ਹਨ। ਭਾਰਤ ਦੀ ਇਸ ਧੀ ਨੇ ਆਪਣੇ ਮਕਾਨ ਮਾਲਕ ਦੇ ਪਰਵਾਰ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਚੁੱਕੀ ਹੈ। ਚਰਖੀ ਦਾਦਰੀ ਜ਼ਿਲ੍ਹੇ ਦੀ ਇੱਕ ਟੀਚਰ ਨੇ ਦੱਸਿਆ ਕਿ ਭਾਰਤ ਦੀ ਮੈਡੀਕਲ ਸਟੂਡੈਂਟ ਨੇਹਾ ਨੇ ਆਪਣੀ ਮਾਂ ਨੂੰ ਕਿਹਾ ਕਿ ਮੈਂ ਜ਼ਿੰਦਾ ਰਹਾਂ ਜਾਂ ਨਾ, ਇਨ੍ਹਾਂ ਬੱਚਿਆਂ ਅਤੇ ਇਨ੍ਹਾਂ ਦੀ ਮਾਂ ਨੂੰ ਇਸ ਹਾਲਤ ਵਿੱਚ ਨਹੀਂ ਛੱਡਾਂਗੀ। ਨੇਹਾ ਨੇ ਆਪਣੇ ਦੋਸਤ ਨਾਲ ਗੱਲਬਾਤ ਦੌਰਾਨ ਕਿਹਾ ਕਿ ਸਾਨੂੰ ਲਗਾਤਾਰ ਬਾਹਰ ਧਮਾਕਿਆਂ ਦੀਆਂ ਆਵਾਜ਼ਾਂ ਸੁਣ ਰਹੀਆਂ ਹਨ, ਪਰ ਅਸੀਂ ਅਜੇ ਤਕ ਠੀਕ ਹਾਂ।

ਨੇਹਾ ਐਮ ਬੀ ਬੀ ਐਸ ਦੀ ਪੜ੍ਹਾਈ ਕਰਨ ਲਈ ਕੀਵ ਗਈਸੀ। ਹੋਸਟਲ ਦੀ ਸਹੂਲਤ ਨਾ ਹੋਣਕਾਰਨ ਉਸ ਨੇ ਇੱਕ ਇੰਜੀਨੀਅਰ ਦੇ ਘਰ ਇੱਕ ਕਮਰਾ ਕਿਰਾਏ ਉੱਤੇ ਲਿਆ ਸੀ। ਉਹ ਮਕਾਨ ਮਾਲਕ ਦੇ ਬੱਚਿਆਂ ਨਾਲ ਰਚ-ਮਿਚ ਗਈ। ਦੇਸ਼ ਵਿੱਚ ਵਧਦੇ ਤਣਾਅ ਨੂੰ ਦੇਖ ਕੇ ਉਸ ਨੂੰ ਦੇਸ਼ ਛੱਡਣ ਦੀ ਸਲਾਹ ਦਿੱਤੀ ਗਈ ਅਤੇ ਉਸ ਦੀ ਮਾਂ ਨੇ ਉਸ ਦੀ ਵਤਨ ਵਾਪਸੀਦੇ ਕਈ ਯਤਨ ਕੀਤੇ।ਆਖਰ ਨੇਹਾ ਨੂੰ ਯੂਕਰੇਨ ਤੋਂ ਰੋਮਾਨੀਆ ਆਉਣ ਦਾ ਮੌਕਾ ਮਿਲਿਆ, ਪਰ ਉਸ ਨੇ ਨਾਂਹ ਕਰ ਦਿੱਤੀ। ਇਸ ਤਰ੍ਹਾਂ ਦੇ ਤਣਾਅ ਭਰੇ ਹਾਲਾਤ ਵਿੱਚ ਉਸ ਨੇ ਪਰਵਾਰ ਨਾਲ ਰਹਿਣ ਦਾ ਫੈਸਲਾ ਕੀਤਾ। ਨੇਹਾ ਦੇ ਪਿਤਾ ਭਾਰਤੀ ਫੌਜ ਵਿੱਚ ਸਨ। ਦੋ ਸਾਲ ਪਹਿਲਾਂ ਉਨ੍ਹਾਂ ਦੀ ਮੌਤ ਹੋ ਗਈ ਸੀ। ਇਸ ਸਮੇਂ 17 ਸਾਲਾ ਨੇਹਾ ਆਪਣੇ ਮਕਾਨ ਮਾਲਕ ਦੀ ਪਤਨੀ ਅਤੇ ਉਨ੍ਹਾਂ ਦੇ ਤਿੰਨ ਬੱਚਿਆਂ ਨਾਲ ਇੱਕ ਬੰਕਰ ਵਿੱਚ ਲੁਕੀ ਹੋਈ ਹੈ।

## ਲੰਡਨ ਵਿੱਚ ਨਾਗਰਿਕਤਾ ਵਾਪਸ ਲੈਣ ਦੇ ਸੋਧ ਬਿੱਲ ਦੇ ਖਿਲਾਫ ਰੋਸ ਪ੍ਰਦਰਸ਼ਨ

ਲੰਡਨ, 28 ਫਰਵਰੀ (ਪੋਸਟ ਬਿਊਰੋ)- ਨਾਗਰਿਕਤਾ ਵਾਪਸ ਲੈਣ ਦੇ ਬਿੱਲ ਅਤੇ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਦੇ ਖਿਲਾਫ ਕੱਲ੍ਹ ਲੰਡਨ ਵਿੱਚ ਜਬਰਦਸਤ ਰੋਸ ਪ੍ਰਦਰਸ਼ਨ ਹੋਇਆ, ਜਿਸ ਵਿੱਚ ਸਿੱਖ ਭਾਈਚਾਰੇ ਸਮੇਤ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਨੇ ਹਿੱਸਾ ਲਿਆ। ਇਸ ਪ੍ਰਦਰਸ਼ਨ ਲਈ ਸਿੱਖ ਕੌਂਸਲ ਯੂ ਕੇ, ਕੇਸਰੀ ਲਹਿਰ, ਸਟਾਪ ਦੇ ਵਾਰ ਕੁਲੀਸ਼ਨ, ਕੇਜ਼, ਐਫ ਓ ਏ ਬੀ ਐਲ ਐਮ ਸਮੇਤ ਬਹੁਤ ਸਾਰੀਆਂ ਸੰਸਥਾਵਾਂ ਨੇ ਨਸਲਵਾਦ ਰੋਕਣ ਦਾ ਸੱਦਾ ਦਿੱਤਾ ਹੈ। ਗ੍ਰਹਿ ਵਿਭਾਗ ਦੇ ਦਫਤਰ, ਪਾਰਲੀਮੈਂਟ ਸੁਕੇਅਰ ਸਮੇਤ ਲੰਡਨ ਦੀਆਂ ਕਈ ਥਾਵਾਂ ਉੱਤੇ ਲੋਕਾਂ ਨੇ ਵੱਡਾ ਮਾਰਚ ਕੱਢਿਆ ਅਤੇ ਕਿਹਾ ਕਿ ਇਹ ਕਾਨੂੰਨ ਘੱਟ ਗਿਣਤੀਆਂ, ਸ਼ਰਨਾਰਥੀਆਂ ਦੇ ਅਧਿਕਾਰ ਕੁਚਲਣ ਵਾਲਾ ਹੈ।ਗ੍ਰਹਿ ਮੰਤਰੀ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਖੁਦ ਘੱਟ ਗਿਣਤੀਆਂ ਨਾਲ ਸਬੰਧਤ ਹੈ। ਨਾਗਰਿਕਤਾ ਬਿੱਲ ਬਾਰੇ ਲੇਬਰ ਪਾਰਟੀ ਵੀ ਵਿਰੋਧ ਕਰ ਰਹੀ ਹੈ, ਨਵੇਂ ਸੋਧ ਬਿੱਲਾਂ ਅਨੁਸਾਰ ਜੇ ਕਿਸੇ ਵਿਅਕਤੀ ਦਾ ਅਪਰਾਧਕ ਅਤੇ ਅੱਤਵਾਦ ਸਰਗਰਮੀਆਂ ਨਾਲ ਸਬੰਧ ਹੋਵੇ ਤਾਂ ਬਿਨਾਂ ਨੋਟਿਸ ਦਿੱਤੇ ਉਸ ਦੀ ਨਾਗਰਿਕਤਾ ਖਤਮ ਕੀਤੀ ਜਾ ਸਕਦੀ ਹੈ, ਪਰ ਲੋਕਾਂ ਵਿੱਚ ਖਦਸ਼ਾ ਹੈ ਕਿ ਬਿੱਲ ਨੂੰ ਭਵਿੱਖ ਵਿੱਚ ਘੱਟ ਗਿਣਤੀਆਂ ਅਤੇ ਆਜ਼ਾਦੀ ਪਸੰਦ ਲੋਕਾਂ ਖਿਲਾਫ ਵਰਤਿਆ ਜਾਵੇਗਾ।

# ਕਰੂਫਟਸ ਹੀਰੋ ਐਵਾਰਡ-2022 ਲਈ ਡੌਗ ਚੇਵੀ ਨਾਮੀਨੇਟ



ਵਾਸ਼ਿੰਗਟਨ, 28 ਫਰਵਰੀ (ਪੋਸਟ ਬਿਊਰੋ)- ਹਾਰਟ ਅਟੈਕ ਦੇ ਸਮੇਂ ਆਪਣੇ ਮਾਲਕ ਦੇ ਸੀਨੇ ਉੱਤੇ ਕੁੱਦਦੇ ਹੋਏ ਸੀ ਪੀ ਆਰ (ਕਾਰਡੀਓ ਪਲਮੋਨਰੀ ਰਿਸਾਸਟੈਸ਼ਨ) ਦੇਣ ਵਾਲੇ ਡੌਗ ਚੇਵੀ ਨੂੰ ਕਰੂਫਟਸ ਹੀਰੋ ਐਵਾਰਡ ਦੇ ਲਈ ਨਾਮੀਨੇਟ ਕੀਤਾ ਗਿਆ ਹੈ। ਚੇਵੀ ਨੂੰ 13 ਮਾਰਚ ਨੂੰ ਹੋਣ ਵਾਲੇ ਕਰੂਫਟਸ ਹੀਰੋ ਐਵਾਰਡ-2022 ਨਾਲ ਸਨਮਾਨਤ ਕੀਤਾ ਜਾ ਸਕਦਾ ਹੈ। ਇਹ ਆਪਣੀ ਕਿਸਮ ਦਾ ਪਹਿਲਾ ਕੇਸ ਹੈ।

ਚੇਵੀ ਨਾਂਅ ਦੇ ਡੌਗ ਨੂੰ ਲੀਲੈਂਡ ਪਾਰਕ ਵਿੱਚ ਕੂੜੇ ਵਾਲੇ ਡੱਬੇ ਵਿੱਚ ਕਿਸੇ ਨੇ ਸੁੱਟ ਦਿੱਤਾ ਤਾਂ ਉਥੋਂ ਲੰਘਦੇ ਜੋੜੇ ਵਾਲੇ ਲਾਰੇਟਾ ਅਤੇ ਰੇ ਵਿਟਲੀ ਚੇਵੀ ਨੂੰ ਆਪਣੇ ਘਰ ਲੈ ਆਏ। 2018 ਵਿੱਚ ਲਾਰੇਟਾ ਆਪਣੇ ਗਾਰਡਨ ਵਿੱਚ ਪੌਦਿਆਂ ਨੂੰ ਪਾਣੀ ਦੇ ਰਹੀ ਸੀ ਤਾਂ ਉਸ ਨੂੰ ਚੇਵੀ ਦੇ ਜ਼ੋਰ-ਜ਼ੋਰ ਨਾਲ ਭੌਂਕਣ ਦੀ ਆਵਾਜ਼ ਆਈ। ਉਸ ਨੇ ਦੇਖਿਆ ਕਿ ਉਸ ਦੇ ਪਤੀ ਬਦਹਵਾਸ ਜ਼ਮੀਨ ਉੱਤੇ ਡਿੱਗੇ ਹੋਏ ਹਨ ਅਤੇ ਚੇਵੀ ਉਨ੍ਹਾਂ ਦੀ ਛਾਤੀ ਉੱਤੇ ਕੁੱਦ ਰਿਹਾ ਹੈ ਅਤੇ ਉਨ੍ਹਾਂ ਦੇ ਚਿਹਰੇ ਨੂੰ ਚੱਟ ਰਿਹਾ ਸੀ। ਉਨ੍ਹਾਂ ਨੇ ਤੁਰੰਤ ਐਂਬੂਲੈਂਸ ਲਈ ਫੋਨ ਕੀਤਾ। ਥੋੜ੍ਹੀ ਦੇਰ ਵਿੱਚ ਉਹ ਚੇਵੀ ਨੂੰ ਹੇਠਾਂ ਉਤਾਰ ਕੇ ਖੁਦ ਹੀ ਉਠ ਕੇ ਖੜ੍ਹੇ ਹੋ ਗਏ। ਇਸ ਦੇ ਬਾਅਦ ਉਨ੍ਹਾਂ ਨੂੰ ਹਸਪਤਾਲ ਭਰਤੀ ਕਰਾਇਆ ਗਿਆ। ਉਸ ਦੇ ਬਾਅਦ ਚੇਵੀ ਹਮੇਸ਼ਾ ਰੇ ਵਿਟਲੀ ਚੇਵੀ ਦੀਆਂ ਅੱਖਾਂ ਦਾ ਤਾਰਾ ਬਣ ਕੇ ਰਹਿੰਦਾ ਹੈ। ਲੋਰੇਟਾ ਨੇ ਇਸ ਦੇ ਬਅਦ ਪਾਲਤੂ ਪਸ਼ੂ ਲਈ ਪੰਜ ਲੱਖ ਰੁਪਏ ਦਾਨ ਕੀਤੇ। ਲੋਰੇਟਾ ਨੇ ਦੱਸਿਆ ਕਿ ਪੰਜ ਸਾਲ ਦੇਚੇਵੀ ਦਾ ਨਾਂਅ ਕਿਸੇ ਨੇ 'ਦ ਕੇਨਲ ਕਲੱਬ ਹੀਰੋ ਡੌਗ ਐਵਾਰਡ' ਦੇ ਲਈ ਦੇ ਦਿੱਤਾ। ਜਦ ਇਸ ਦੇ ਲਈ ਉਨ੍ਹਾਂ ਨੂੰ ਫੋਨ ਆਇਆ ਤਾਂ ਪਹਿਲਾਂ ਉਨ੍ਹਾਂ ਨੂੰ ਲੱਗਾ ਕੋਈ ਸ਼ਰਾਰਤ ਕਰ ਰਿਹਾ ਹੈ, ਪਰ ਬਾਅਦ ਵਿੱਚ ਉਨ੍ਹਾਂ ਨੂੰ ਇਸ ਦੀ ਪੁਸ਼ਟੀ ਕਰਾਈ ਗਈ ਕਿ ਇਹ ਸਹੀ ਹੈ।ਪਤੀ ਦੀ ਜਾਨ ਬਚਾਉਣ ਵਾਲੇ ਡੌਗ ਚੇਵੀ ਨੂੰ ਲੋਰੇਟਾ ਆਪਣੇ ਪਰਵਾਰ ਦਾ ਮੈਂਬਰ ਮੰਨਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਚੇਵੀ ਨਾ ਹੁੰਦਾ ਤਾਂ ਉਹ ਇਕੱਲੀ ਹੁੰਦੀ। ਅਮਰੀਕਾ ਵਿਚ ਕਰੂਫਟਸ ਐਵਾਰਡ ਡੌਗਸ ਨੂੰ ਬਹਾਦਰੀ ਵਾਲੇ ਕੰਮਾਂ ਲਈ ਦਿੱਤਾ ਜਾਂਦਾ ਹੈ।

# 4.53 ਕਰੋੜ ਦੀ ਧੋਖਾਧੜੀ ਵਿੱਚ ਕੰਪਨੀ ਮਾਲਕ ਮੁੰਬਈ ਤੋਂ ਗ੍ਰਿਫਤਾਰ

ਨਵੀਂ ਦਿੱਲੀ, 28 ਫਰਵਰੀ (ਪੋਸਟ ਬਿਊਰੋ)- ਦਿੱਲੀ ਪੁਲਸ ਦੇ ਆਰਥਿਕ ਅਪਰਾਧ ਸੈਲ (ਈ ਓ ਡਬਲਯੂ) ਨੇ 4.53 ਕਰੋੜ ਰੁਪਏ ਦੀ ਧੋਖਾਧੜੀ ਵਿੱਚ ਇੱਕ ਨਿੱਜੀ ਕੰਪਨੀ ਦੇ ਮਾਲਕ ਨੂੰ ਮੁੰਬਈ ਦੇ ਕਾਂਦੀਵਲੀ ਇਲਾਕੇ ਤੋਂ ਗ੍ਰਿਫਤਾਰ ਕੀਤਾ ਹੈ।ਦੋਸ਼ੀ 55 ਸਾਲਾ ਸ਼ੰਕਰ ਕਾਸ਼ਿਦ ਨੇ ਦਿੱਲੀ ਦੀ ਇੱਕ ਨਿੱਜੀ ਕੰਪਨੀ ਤੋਂ ਐਲੂਮੀਨੀਅਮ ਫਾਇਲ ਪੇਪਰ ਤੇ ਹੋਰ ਪੈਕਿੰਗ ਸਾਮਾਨ ਬਣਾਉਣ ਲਈ ਕੱਚਾ ਮਾਲ ਲੈ ਕੇ ਤਿਆਰ ਮਾਲ ਦੇਣਾ ਸੀ, ਪ੍ਰੰਤੂ ਉਸ ਨੇ ਤਿਆਰ ਮਾਲ ਸੰਬੰਧਤ ਦੀ ਕੰਪਨੀ ਨੂੰ ਨਾ ਦੇ ਕੇ ਕਿਸੇ ਹੋਰ ਕੰਪਨੀ ਨੂੰ ਵੇਚ ਦਿੱਤਾ ਸੀ।

ਆਰਥਿਕ ਅਪਰਾਧ ਸੈਲ ਦੀ ਜਾਇੰਟ ਕਮਿਸ਼ਨਰ ਮੁਤਾਬਕ ਸੱਤ ਅਪ੍ਰੈਲ 2020 ਨੂੰ ਦਿੱਲੀ ਦੇ ਕਾਰੋਬਾਰੀ ਵੀ ਕੇ ਸਿਨਹਾ ਨੇ, ਜਿਹੜੇਵਿਜਾਨੀ ਐਗਜਿਮ ਪ੍ਰਾਈਵੇਟ ਲਿਮਟਿਡ ਦੇ ਨਾਂਅ ਦੀ ਕੰਪਨੀ ਚਲਾਉਂਦੇ ਹਨ, ਠੱਗੀ ਦੀ ਸ਼ਿਕਾਇਤ ਆਰਥਿਕ ਅਪਰਾਧ ਸੈਲ (ਈ ਓ ਡਬਲਯੂ) ਨੂੰ ਕੀਤੀ ਸੀ।ਇਨ੍ਹਾਂ ਦਾ ਐਲੂਮੀਨੀਅਮ ਫਾਇਲ ਪੇਪਰ ਰੋਲ ਤੇ ਹੋਰ ਪੈਕਿੰਗ ਸਾਮਾਨ ਬਣਾਉਣ ਦਾ ਕਾਰੋਬਾਰ ਹੈ। ਇਨ੍ਹਾਂ ਨੇ ਮੁੰਬਈ ਦੀ ਇੱਕ ਕੰਪਨੀ ਨਾਲ ਸਾਲ 2011 ਵਿੱਚ ਇੱਕ ਡੀਲ ਕੀਤੀ ਸੀ, ਜਿਸ ਦੇ ਤਹਿਤ ਵੀ ਕੇ ਸਿਨਹਾ ਦੀ ਕੰਪਨੀ ਨੂੰ ਕੱਚਾ ਮਾਲ ਸ਼ੰਕਰ ਕਾਸ਼ਿਦ ਨੂੰ ਦੇਣਾ ਸੀ, ਪ੍ਰੰਤੂ ਰਕਮ ਲੈਣ ਪਿੱਛੋਂ ਦੋਸ਼ੀ ਨੇ ਤਿਆਰ ਮਾਲ ਨਹੀਂ ਦਿੱਤਾ। ਇਸ ਕਾਰਨ ਪੀੜਤ ਦੀ ਕੰਪਨੀ ਨੂੰ 4.53 ਕਰੋੜ ਰੁਪਏ ਦਾ ਨੁਕਸਾਨ ਹੋਇਆ।

## ਪ੍ਰੀਡੇਟਰ ਡਰੋਨ ਖਰੀਦਣ ਦੇ ਲਈ ਭਾਰਤ-ਅਮਰੀਕਾ ਗੱਲਬਾਤ ਆਖਰੀ ਦੌਰ ਵਿੱਚ



ਵਾਸ਼ਿੰਗਟਨ, 28 ਫਰਵਰੀ (ਪੋਸਟ ਬਿਊਰੋ)- ਅਮਰੀਕਾ ਤੋਂ 30 ਪ੍ਰੀਡੇਟਰ ਹਥਿਆਰਬੰਦ ਡਰੋਨ ਦੀ ਖਰੀਦ ਲਈ ਭਾਰਤ ਨਾਲ ਗੱਲਬਾਤ ਆਖਰੀ ਦੌਰ ਵਿੱਚ ਹੈ। ਇਨ੍ਹਾਂ ਦੀ ਅਨੁਮਾਨਤ ਲਾਗਤ ਤਿੰਨ ਅਰਬ ਡਾਲਰ ਹੈ।

ਇਹ ਪਹਿਲਾ ਮੌਕਾ ਹੈ ਜਦੋਂ ਅਮਰੀਕਾ ਕਿਸੇ ਗੈਰ ਨਾਟੋ ਸਹਿਯੋਗੀ ਦੇਸ਼ ਨੂੰ ਇਹ ਡਰੋਨ ਵੇਚਣ ਲੱਗਾ ਹੈ। ਇਹ ਡਰੋਨ ਲੰਬੀ ਦੂਰੀ ਤਕ ਸਟੀਕ ਮਾਰ ਕਰ ਸਕਦਾ ਹੈ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਾਲ 2017 ਵਿੱਚ ਅਮਰੀਕਾ ਯਾਤਰਾ ਦੌਰਾਨ ਪਿਛਲੇ ਡੋਨਾਲਡ ਟਰੰਪ ਪ੍ਰਸ਼ਾਸਨ ਨੇ ਇਸ ਪ੍ਰਮੁੱਖ ਰੱਖਿਆ ਸੌਦੇ ਦਾ ਐਲਾਨ ਕੀਤਾ ਸੀ। ਇਸ ਦੇ ਬਾਅਦ ਦੋਵਾਂ ਦੇਸ਼ਾਂ ਨੇ ਗੱਲਬਾਤ ਤੇਜ਼ ਕਰ ਦਿੱਤੀ ਅਤੇ ਭਾਰਤ ਨੂੰ ਵੇਚੇ ਜਾਣ ਵਾਲੇ ਅਜਿਹੇ ਡਰੋਨ ਦੀ ਗਿਣਤੀ 10 ਤੋਂ ਵਧਾ ਕੇ ਤੀਹ ਕਰ ਦਿੱਤੀ ਗਈ। ਇਨ੍ਹਾਂ ਵਿੱਚੋਂ 10-10 ਡਰੋਨ ਸਮੁੰਦਰੀ ਫੌਜ, ਹਵਾਈ ਫੌਜ ਅਤੇ ਮੈਦਾਨੀ ਫੌਜ ਨੂੰ ਦਿੱਤੇ ਜਾਣਗੇ। ਇਹ ਪ੍ਰਮੁੱਖ ਰੱਖਿਆ ਭਾਈਵਾਲ ਦਾ ਦਰਜਾ ਬਣਾਈ ਰੱਖਣ ਦੀ ਸਮਰੱਥਾ ਹੈ। ਐਮ ਟੀ ਸੀ ਆਰ ਵਿੱਚ ਭਾਰਤ ਨੂੰ ਸ਼ਾਮਲ ਕਰਨ ਦੇ ਲਈ ਕਈ ਸਾਲ ਬੁਨਿਆਦੀ ਸਮਝੌਤਿਆਂ ਉੱਤੇ ਕੰਮ ਕੀਤਾ ਗਿਆ ਹੈ। ਜਨਰਲ ਐਟਾਮਿਕਸ ਵੱਲੋਂ ਤਿਆਰ ਇਹ ਡਰੋਨ ਰੱਖਿਆ ਉਦਯੋਗ ਵਿੱਚ ਬੇਜੋੜ ਹਨ। ਸੂਤਰਾਂ ਨੇ ਭਾਰਤ ਵੱਲੋਂ ਇਸ ਸਮਝੌਤੇ ਨੂੰ ਠੰਢੇਬਸਤੇ ਵਿੱਚ ਪਾਏ ਜਾਣ ਦੀ ਕਿਸੇ ਵੀ ਜਾਣਕਾਰੀ ਤੋਂ ਇਨਕਾਰ ਕੀਤਾ ਹੈ।

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:
01191-9779100149




ਕੀ ਤੁਸੀਂ ਕਰਜ਼ੇ ਵਿੱਚ ਹੋ?
ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?
BOOK YOUR FREE CONSULTATION
ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੁ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382
-Collection Calls
-Personal Taxes
-GST/HST
-Credit Card Debts
-Personal Loans
-Pay Day Loans
-Student Loans
-Wage Garnishment
-Writ on your property
-Frozen Bank Accounts
CONTACT US:
Goma Sandhu
(416)-731-6382
gomasandhu@hotmail.com
WE HELP...
-Save your Assets
-Avoid Bankruptcy
-Small monthly payments
-Rebuild your credit
YOUR DEBT $ MY SOLUTION

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8




$1,399,999
CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




$1,749,900
8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




$1,950,000
26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ: 80 West Drive, Brampton

Apply In Person to complete application in the Shipping Department


# ਪੰਜਾਬੀ ਪੋਸਟ CLASSIFIEDS

ਕੈਨੇਡੀਅਨ ਪੰਜਾਬੀ ਪੋਸਟ — Award winning news paper | Canadian Punjabi Post

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769



WWW.KULWINDERCHHINA.COM



KULWINDERCHHINA
BROKER
647.293.2327



STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ
416.230.4000 • 647.409.1092
www.STARLANEPAINTING.com



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ Award winning news paper | Canadian Punjabi Post



ਤੁਰੰਤ ਕਾਮਿਆਂ ਦੀ ਲੋੜ



ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।
ਸੰਪਰਕ ਕਰੋ: ਸੁਰਜੀਤ ਸਿੰਘ ਢਿੱਲੋਂ
647-391-3365


## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ


## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host



Iqbal Mahal Producer & Host
Serving the South Asian Community Since 1976



You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca



A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇਂ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ


Other Realtors only Promise
But JAG AUJLA SOLD YOUR HOME WITH
GUARANTEE
Advertisement GUARANTEED Till SOLD
Top 1% Broker
Call For a Quick & Free Home Evaluation
www.BramptonQuickHomeEvaluation.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com
**2016,2015,2014,2013 2012,2011,2010) **(2009,2008) **(2010) **(2014)
ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON


ਕੈਨੇਡੀ / ਦੁੱਗਲ
ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਂਟਰ ਟਾਪ। ਮੇਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON

Queen St / West Drive $514,905
12 laurelcrest St. 411
Queen St./West Drive
ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

BRAMPTON


$ 1,199,905 Bramlea Rd./Bovaird Dr.
2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਡਰੂਮ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON

24 Youngstar Tr
Hwy 50/Cottrelle
2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

BRAMPTON


34 Winterfold Dr
CREDITVIEW & BOVAIRD (MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।



Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777



FREE ONLINE PROGRAM
JVS TORONTO
Job Search Workshop for Newcomers

Looking for information on how to enter your field in Canada?
Give us four days and we will give you more confidence and an understanding of your occupation in Canada. You will learn what skills and qualifications companies want and where the jobs are.
This free workshop offers:
- An assessment of your unique needs
- Info on Canadian business perspectives
- One-on-one coaching and resume building
- Job search strategies and support
- A personalized action plan

New registrants must have an assessment prior to the start of the program.
Open to permanent residents, convention refugees or live-in caregivers – internationally trained professionals who are able to work and can communicate in English.
Your First Steps to Employment in Canada
Now accepting applications.
For more info and to register, contact JSW@jvstoronto.org
www.jvstoronto.org
Funded by: Immigration, Refugees and Citizenship Canada
Financé par : Immigration, Réfugiés et Citoyenneté Canada
United Way Greater Toronto
UJA FEDERATION of Greater Toronto



ASIAN FOOD CENTRE
Family Day SALE

www.AsianFoodCentre.com
18TH FEB TO 1ST MAR 2022
Fresh Fruits, Vegetables, Indian & Canadian Grocery

GOLDEN TEMPLE ATTA (YELLOW BAG) — $9.99 EA
TAJ ATTA — $11.99 EA
BIKANERI ALMOND OIL — $15.99 1L
SAFFRON — $1.79 1G REG.$2.29
ASIAN BASMATI RICE — $8.99 8LB
AFC SILVER RICE — $6.99 8LB
AFC GOLD RICE — $8.99 10LB
FRUITI-O ASST JUICE — $3.49 2.1L REG.$ 4.49
ASIAN BESAN — $3.79 LB
TASTY BROWN SUGAR — $6.99 8LB
TASTY ASSORTED COOKIES — $4.99
INDIAN ROOHAFZA — $3.49 800G
HALDIRAM SOUTH MIXTURE — $0.99 +TAX
PRAN ASSORTED BISCUIT — $3.99 1000GM
ASIAN SOYA GRANULES — $0.99 200G
CAVENDISH PATTIES — $2.49 600GM
EMIRATES NEST PASTA — $1.29 400G
VATIKA CACTUS/ARGAN OIL — $6.99
DABUR MUSTARD OIL — $6.99 1L
KTC ALMOND OIL — $7.99 500ML
BIKANERI COOKIES — $4.99
THAKAR ASST PARATHA — $1.79 EA
BIKANO SUJI RUSK — $4.49 600GM
PRAN ASST KETCHUP — $1.49 340GM
ASHOKA FROZEN ASST PRANTHA — $1.99 400GM
BRITTANIA GOODDAY CHUNKIES — 2 FOR $1 EA
BRITANNIA SUJI/MILK RUSK — $3.29 560GM
PATANJALI ASST SHAMPOO — $4.99 200ML
YIPPEE MASALA NOODLES — 3 FOR $1 75GM
PALMOLIVE DISHWASHER (828ML) — $3.49 +TAX
BRITTANIA TIGER GLUCOSE BISCUIT (600GM) — $1.49 EA
PRAN BISK LEXUS VEGETABLE CRACKER — $0.99 240GM
LG HING POWDER — $2.29 50GM
HALDIRAM'S SOAN PAPDI — $2.29 250GM REG.$2.99
BIKANO DRY PETHA — $3.99 400G REG.$4.99
MR GOUDAS CHICK PEAS — $1.79 796ML
CIAN FRESH CUT VEGETABLES — $0.99 (340G) EA
CUT OKRA, WHOLE OKRA, SPINACH, GREEN PEAS, CARROT DICE
POPULAR SOYA CHAAP — $4.99 800G
DABUR REAL MANGO JUICE — $1.99 1L
PRAN MANGO JUICE — 2 FOR $1 250ML REG.$1.99
FROOTI MANGO DRINK — $1.99 1L
PRAN ASST JAM/JELLY — $1.79 375GM
PRAN ASST CHUTNEY — $1.79 300ML
PRAN FLATTENED RICE (POHA) — $1.29 250G
BRITANNIA CREAM TREAT — 2 FOR $1 97G-120GM REG.$1.99
BRITANNIA GOODDAY COOKIES — $0.69 75GM
PRAN BISK CLUB MARIE BISCUIT — $1.49 260G




ETOBICOKE — 10 Westmore Dr. 416-740-3262 (MEAT SHOP AVAILABLE)
MISSISSAUGA — 1075 Ceremonial Dr. 905-502-1600 (MEAT SHOP AVAILABLE)
BRAMPTON — 621 Wanless Dr. 905-495-3336 (MEAT SHOP AVAILABLE)
BRAMPTON — 2120 N Park Dr. 905-793-1338 (MEAT SHOP AVAILABLE)
BRAMPTON — 80 Pertosa Dr. 905-460-0009
BRAMPTON — 40 Airport RD & Lacoste Blvd. 905-794-8109 (MEAT SHOP AVAILABLE)
BRAMPTON — 10510 Torbram Rd. 905-790-0030
BRAMPTON — 10 Pannahill Dr. 905-913-8017 (MEAT SHOP AVAILABLE)
TOLL FREE 1-800-708-9232
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media